Aate Dian Chirian Shiv Kumar Batalvi

ਆਟੇ ਦੀਆਂ ਚਿੜੀਆਂ ਸ਼ਿਵ ਕੁਮਾਰ ਬਟਾਲਵੀ

ਆਟੇ ਦੀਆਂ ਚਿੜੀਆਂ

ਚਾਨਣੀ ਰਾਤ 'ਚ
ਸੁੱਤੀ ਇਕ ਪਹਾੜੀ ਬਸਤੀ
ਕਸਮ ਤੇਰੀ ਮੇਰੇ ਦੋਸਤ ਬੜੀ ਪਿਆਰੀ ਹੈ
ਉਹ ਵੇਖ ! ਤਾਂ ਦੋ ਦੂਰ ਪਹਾੜਾਂ ਵੱਲੇ
ਜਿਉਂ ਬਾਲ-ਵਿਧਵਾ ਕਿਸੇ ਕਾਮ-ਮੱਤੀ ਨੇ
ਨਜ਼ਰ ਬਚਾ ਕੇ ਆਪਣੀ ਨਜ਼ਰ ਦੀ ਆਹਟ ਤੋਂ
ਡਰਦੀ ਡਰਦੀ ਨੇ ਹਿੱਕ ਉਭਾਰੀ ਹੈ ।

ਉਨ੍ਹਾਂ 'ਚ ਵੇਖ ਜ਼ਰਾ ਅਟਕੀ ਹੋਈ ਚਿੱਟੀ ਬਦਲੀ
ਜਿਉਂ ਤਾਜ਼ੀ ਨਾਗਾਂ ਨੇ ਕੁੰਜ ਉਤਾਰੀ ਹੈ
ਜਿਉਂ ਕਾਲਾ-ਹਾਰੀ ਦੀ ਹਬਸ਼ਣ ਨੇ
ਚਿੱਟੀ ਚਾਦਰ ਦੀ ਝੁੰਬ ਮਾਰੀ ਹੈ ।

ਤੂੰ ਸੁਣ ਤਾਂ ਸਹੀ :
ਤੁੰਦ ਹਵਾਵਾਂ ਦੀ ਆਵਾਜ਼
ਕਿੰਨੀ ਮਿੱਠੀ ਤੇ ਨਿਆਰੀ ਹੈ
ਜੀਕਣਾਂ ਜ਼ਿੱਦੀ ਕਿਸੇ ਨਿਆਣੇ ਨੇ
ਆ ਕੇ ਗ਼ੁੱਸੇ ਦੇ ਵਿਚ ਸਣੇ ਚੂਰੀ
ਕੈਂਹ ਦੀ ਕੌਲੀ ਵਗਾਹ ਕੇ ਮਾਰੀ ਹੈ
ਸੁੱਤੀ ਇਹ ਪਹਾੜੀ ਬਸਤੀ
ਕਸਮ ਤੇਰੀ ਮੇਰੇ ਦੋਸਤ, ਬੜੀ ਪਿਆਰੀ ਹੈ ।

ਮੈਂ ਨਹੀਂ ਚਾਹੁੰਦਾ
ਕਿ ਤੂੰ ਦੁਖੀ ਹੋਵੇਂ

ਮੈਂ ਨਹੀਂ ਚਾਹੁੰਦਾ ਕਿ ਮੈਂ ਦੁਖੀ ਹੋਵਾਂ
ਬੀਤੇ ਵਰ੍ਹਿਆਂ ਦੀ ਲਾਸ਼ ਦੇ ਮੂੰਹ ਤੋਂ
ਚੁੱਕ ਯਾਦਾਂ ਦਾ ਰੇਸ਼ਮੀ ਕਫ਼ਨ
ਮੈਂ ਨਹੀਂ ਚਾਹੁੰਦਾ ਭਵਿੱਖ ਵਿਚ ਰੋਵਾਂ
ਮੈਂ ਤਾਂ ਚਾਹੁੰਦਾਂ, ਦਿਲ ਦੀ ਗੋਜੀ 'ਚੋਂ
ਗ਼ਮਾਂ ਦਾ ਕੋਰੜੂ ਰਹੇ ਛਣਿਆਂ
ਮੈਂ ਤਾਂ ਚਾਹੁੰਦਾਂ ਮਾਹੌਲ ਰਹੇ ਬਣਿਆਂ
ਸਾਡੀ ਮਿਲਣੀ ਦੀ ਸੋਨ-ਬੇੜੀ 'ਤੇ
ਖ਼ੁਸ਼ੀ ਦਾ ਬਾਦਬਾਂ ਰਹੇ ਤਣਿਆਂ
ਮੈਂ ਤਾਂ ਚਾਹੁੰਦਾਂ ਕਿ ਬਦਲੀਆਂ ਫੜੀਏ
ਘੁੱਟ ਚਾਨਣ ਦਾ ਸੀਤ ਪੀ ਮਰੀਏ
ਤੜਾਗੀ ਉਫ਼ਕ ਦੀ, ਪਾਈ ਜੋ ਅਰਸ਼ਾਂ ਨੇ
ਉਹਦੇ 'ਚ ਤਾਰਿਆਂ ਦੇ ਨਗ ਜੜੀਏ
ਟੁਰੀ ਜਾਂਦੀ ਹਵਾ ਹੈ ਦੇਸ਼ ਜਿਹੜੇ
ਦੇਸ਼ ਓਸੇ ਨੂੰ ਟੁਰ ਚੱਲੀਏ।

ਦਿਲ ਹੈ ਚਾਹੁੰਦਾ, ਕਿਤੇ ਵੀ ਨਾ ਖੜ੍ਹੀਏ
ਬੀੜ ਬਿਰਹੋਂ ਦੀ ਅਤਿ ਪਵਿੱਤਰ ਦਾ
ਮੈਂ ਤਾਂ ਚਾਹੁੰਦਾਂ ਕਿ ਪਾਠ ਨਾ ਧਰੀਏ
ਮੈਂ ਤਾਂ ਚਾਹੁੰਦਾਂ ਕਿ ਵਾਕ ਨਾ ਲਵੀਏ
ਰਾਤ ਸਾਰੀ ਹਰਾਮ ਨਾ ਕਰੀਏ।

ਪਰ ਤੂੰ ਹਾਲੇ ਵੀ ਯਾਰ, ਜ਼ਿਦ ਕਰਦੈਂ
ਤੇ ਮੇਰੀ ਦੋਸਤੀ ਦਾ ਦਮ ਭਰਦੈਂ
ਤੂੰ ਸੱਚੀ ਕਹਿਣ ਤੋਂ ਪਰ ਬਹੁਤ ਡਰਦੈਂ
ਹੈ ਨਫ਼ਰਤ ਜਿਉਂਦਿਆਂ ਦੇ ਨਾਲ ਮੈਨੂੰ
ਮੈਂ ਮੋਇਆਂ ਨੂੰ ਅਜੇ ਵੀ ਪਿਆਰ ਕਰਦਾਂ।

ਬੜਾ ਲੋਭੀ ਹੈ ਰੂਹ ਦਾ ਬਾਣੀਆਂ ਮੇਰਾ
ਇਹਦੇ ਲਈ ਹੌਕਿਆਂ ਦਾ ਵਣਜ ਕਰਦਾਂ

ਇਹਦੇ ਲਈ ਭਾਲਦਾ ਹਾਂ ਰੋਜ਼ ਹੂਰਾਂ
ਕਿ ਛੰਨਾ ਕਾਮ ਦਾ ਮੈਂ ਰੋਜ਼ ਭਰਦਾਂ
ਮੈਂ ਲੱਭਦਾਂ ਮਹਿਕ ਕਲੀਆਂ ਕੱਚੀਆਂ ਦੀ
ਤੇ ਭੌਰਾ ਹੋਣ ਤੋਂ ਵੀ ਨਾਲ ਡਰਦਾਂ ।

ਬੜੇ ਸ਼ਰਮ ਦੀ ਹੈ ਗੱਲ ਯਾਰਾ
ਕਿ ਸੱਚ ਦੀ ਜੀਭ 'ਤੇ ਅੰਗਾਰ ਧਰਦਾਂ
ਉਮਰ ਨੂੰ ਪੀਣ ਲਈ ਤੇਜ਼ਾਬ ਦੇਂਦਾਂ
ਤੇ ਨਾਲੇ ਮਸ਼ਕਰੀ ਸਮਿਆਂ ਨੂੰ ਕਰਦਾਂ ।

ਮੈਂ ਚਾਹੁੰਦਾਂ ਅੱਕ ਵੀ ਹੁੰਦਾ ਚੰਬੇਲੀ
ਮੈਂ ਥੋਹਰਾਂ ਦਾ ਮਰੂਆ ਨਾਮ ਧਰਦਾਂ
ਹਕੀਕਤ ਨਾਲ ਰੱਜ ਕੇ ਵੈਰ ਕਰਦਾਂ
ਸਦਾ ਹੀ ਝੂਠ ਦਾ ਵੀ ਇਹਤਰਾਮ ਕਰਦਾਂ
ਹੈ ਤੇਈਏ ਤਾਪ ਵਾਕਣ ਇਸ਼ਕ ਮੇਰਾ
ਜਦੋਂ ਵੀ ਵਕਤ ਲੱਗਾ ਆਣ ਚੜ੍ਹਦਾ ।

ਜ਼ਰਾ ਤੂੰ ਨੀਝ ਨੈਣੀਂ ਮਾਰ ਮੇਰੇ
ਰਸੌਂਤੀ ਛੱਲਿਆਂ ਜੋ ਖਾ ਲਏ ਨੇ
ਇਹ ਮੇਰੇ ਝਿੰਮਣਾਂ ਦੀ ਸੁਬਕ ਟਾਹਣੀ
ਕਿ ਹਿੰਝਾਂ ਆਲ੍ਹਣੇ ਸੈ ਪਾ ਲਏ ਨੇ
ਮੇਰੇ ਸਾਹਾਂ 'ਚ ਬਦਬੂ ਸਿਗਰਟਾਂ ਦੀ
ਤੇ ਮੂਸਲ ਹੌਕਿਆਂ 'ਤੇ ਲਾ ਲਏ ਨੇ ।

ਵਧੀ ਦਾੜ੍ਹੀ ਇਹ ਮੇਰੀ ਸ਼ਾਮ ਰੰਗ ਦੀ
ਜਿਦ੍ਹੇ ਵਿਚ ਵਾਲ ਦੂਧੀ ਆ ਗਏ ਨੇ
ਸਮੇਂ ਦੀ ਧੂੜ ਨੇ ਰੰਗ ਖਾ ਲਏ ਨੇ
ਸਮੇਂ ਦੇ ਪੈਰ ਨੂੰ ਨਹੀਂ ਮੋਚ ਆਉਣੀ
ਜ਼ਮਾਨੇ ਵਾਹ ਲੱਖਾਂ ਲਾ ਲਏ ਨੇ
ਵੇ ਮਹਿੰਗੇ ਪੰਨਿਆਂ ਤੋਂ ਪਲ ਹਜ਼ਾਰਾਂ
ਮੁਹੱਬਤ ਦੀ ਵੇ ਝੂਠੀ ਚੀਲ੍ਹ ਕਾਮਣ

ਮੇਰੇ ਹੱਥਾਂ 'ਚੋਂ ਖੋਹ ਕੇ ਖਾ ਲਏ ਨੇ ।
ਹੈ ਡਿੱਗੀ ਖੰਭੜੀ ਇਕੋ ਅਜੇ ਤਾਂ ਸੀਸ ਉੱਤੇ
ਤੇ ਆਨੇ ਤਿਤਲੀਆਂ ਪਰਤਾ ਲਏ ਨੇ ।
ਉਹ ! ਟੁਰਦੇ ਚੰਨ ਦੇ ਵੱਲ ਮਾਰ ਝਾਤੀ
ਹੈ ਦਾਗ਼ੋ-ਦਾਗ਼ ਹੋਈ ਜਿਸਦੀ ਛਾਤੀ
ਕਿਸੇ ਗੌਤਮ ਰਿਸ਼ੀ ਦੀ ਨਾਰ ਖ਼ਾਤਰ
ਨੇ ਕਹਿੰਦੇ : ਏਸ ਦੀ ਸੀ ਲੋਅ ਗਵਾਚੀ
ਸੀ ਅੱਖਰ ਕੁੰਨ ਦੇ ਤੋਂ ਕਾਮ ਪਹਿਲਾਂ
ਹੈ ਵਿਗਾਸੀ ਕਾਮ 'ਚੋਂ ਹਰ ਇਕ ਹਯਾਤੀ
ਮੈਂ ਮੰਨਦਾਂ ਕਾਮ ਡਾਢਾ ਹੀ ਬਲੀ ਹੈ
ਜੇ ਇਸ ਵਿਚ ਚੇਤਨਾ ਵੀ ਹੋਏ ਬਾਕੀ ।

ਮੇਰੀ ਮਹਿਬੂਬ ਨੂੰ ਤੂੰ ਜਾਣਦਾ ਹੈਂ
ਹੈ ਵਗਦੀ ਕੂਲ੍ਹ ਚਾਨਣ ਵਿਚ ਨਹਾਤੀ
ਜਿਉਂ ਵਾਦੀ ਦੋ ਪਹਾੜਾਂ ਦੇ ਵਿਚਾਲੇ
ਇਹਦੇ ਤੋਂ ਵੀ ਹੁਸੀਂ ਹੈ ਉਸ ਦੀ ਛਾਤੀ
ਉਹਦੇ ਸਾਹਾਂ 'ਚ ਮੱਸਿਆ ਹੈ ਗਵਾਚੀ
ਉਹਦੀ ਦੇਹ 'ਚੋਂ ਆਵੇ ਇਉਂ ਸੁਗੰਧੀ
ਕੰਵਲ-ਫੁੱਲ ਜਿਉਂ ਸਰਾਂ 'ਚੋਂ ਖਾਣ ਹਾਥੀ
ਹੈ ਗੋਰਾ ਰੰਗ ਜੀਕਣ ਸ਼ਾਮ ਵੇਲੇ
ਬਰਫ਼ ਦੇ ਨਾਲ ਲੱਦੀ ਕੋਈ ਘਾਟੀ
ਸਲੇਟੀ ਨੈਣ ਘੁੱਗੀਆਂ ਵਾਂਗ ਉਹਦੇ
ਉਹਦੇ ਬੁੱਲ੍ਹਾਂ 'ਚ ਉੱਗੇ ਬਣ-ਕਪਾਸੀ ।

ਉਹਦੇ ਹੱਥਾਂ 'ਚ ਗਿੱਧਾ ਮਾਲਵੇ ਦਾ
ਉਹਦੇ ਪੈਰਾਂ 'ਚ ਮਾਝੇ ਦੀ ਵਿਸਾਖੀ
ਕਰਾਂ ਕੀ ਸਿਫ਼ਤ ਉਹਦੀ ਟੋਰ ਵਾਲੀ
ਜਿਉਂ ਕੱਚੀ ਸੜਕ ਉੱਤੇ ਟੁਰੇ ਡਾਚੀ
ਰਤਾ ਨਹੀਂ ਸ਼ੱਕ ਮੈਨੂੰ ਓਸ ਬਾਰੇ
ਹੈ ਕਾਲੇ ਬਾਗ਼ ਦੀ ਸਾਵੀ ਇਲਾਚੀ

ਮੈਂ ਫਿਰ ਵੀ ਦੋਸਤਾ ਮਹਿਸੂਸਦਾ ਹਾਂ
ਕਿ ਭਰ ਕੇ ਰੱਖ ਲਾਂ ਚਾਨਣ ਦੀ ਚਾਟੀ
ਵੇ ਮਿੱਤਰਾ ਚਾਨਣੀ ਦੀ ਛਿੱਟ ਬਾਝੋਂ
ਕਦੇ ਨਹੀਂ ਨ੍ਹੇਰਿਆਂ ਦੀ ਹਿੱਕ ਪਾਟੀ
ਗਿਲਾ ਕੀ ਜੇ ਭਲਾ ਉਹ ਬੇਵਫ਼ਾ ਹੈ
ਗਿਲਾ ਕੀ ਜੇ ਨਹੀਂ ਜਨਮਾਂ ਦੀ ਸਾਥੀ।

ਮੇਰਾ ਵਿਸ਼ਵਾਸ ਹੈ ਕੁਝ ਇਸ ਤਰ੍ਹਾਂ ਦਾ
ਮੁਹੱਬਤ ਤੋਂ ਵੀ ਮਹਿੰਗੀ ਹੈ ਹਯਾਤੀ
ਮੁਹੱਬਤ ਦੀਨ ਹੈ, ਦੁਨੀਆਂ ਨਹੀਂ ਹੈ
ਹੈ ਦੁਨੀਆਂ ਦੀਨ ਦੇ ਪਿੰਡੇ ਛਪਾਕੀ
ਮੁਹੱਬਤ ਘਾਟ ਹੈ ਬਸ ਦੋ ਪਲਾਂ ਦੀ
ਜਦੋਂ ਤੱਕ ਖ਼ੂਨ ਦੇ ਵਿਚ ਹੈ ਸੇਕ ਬਾਕੀ
ਮੁਹੱਬਤ ਕਾਮ ਦੇ ਬੂਟੇ ਦਾ ਫ਼ਲ ਹੈ
ਕਿ ਜੀਕਣ ਚੇਤ ਵਿਚ ਫੁੱਲੇ ਪਟਾਕੀ
ਮੁਹੱਬਤ ਕਾਮ ਦਾ ਹੀ ਇਕ ਪੜਾਅ ਹੈ
ਤੇ ਸ਼ਾਇਦ ਕਾਮ ਦਾ ਹੀ ਨਾਂ ਖ਼ੁਦਾ ਹੈ
ਖ਼ੁਦਾ ਦੀ ਜ਼ਾਤ ਕੋਲੋਂ ਵੱਧ ਕੋਈ
ਨਾ ਮੇਰੇ ਦੋਸਤਾ ਕੋਈ ਬੇ-ਵਫ਼ਾ ਹੈ।

ਮੈਂ ਅਕਸਰ ਇਸ ਤਰ੍ਹਾਂ ਵੀ ਸੋਚਦਾ ਹਾਂ
ਕਿ ਸਾਰੇ ਜੀਵ-ਜੰਤੂ ਤੇ ਪ੍ਰਾਣੀ
ਇਹ ਵਣ-ਤ੍ਰਿਣ ਪੌਣ, ਮਿੱਟੀ, ਅੱਗ, ਪਾਣੀ
ਹੈ ਸਾਰੀ ਕਾਮ 'ਚੋਂ ਉਪਜੀ ਕਹਾਣੀ
ਹੈ ਬੱਦਲ ਰਿੜਕਦੀ ਨਿੱਤ ਕਾਮ ਖ਼ਾਤਰ
ਐ ਮੇਰੇ ਦੋਸਤ ! ਪੌਣ ਦੀ ਮਧਾਣੀ
ਇਹ ਰੁੱਖ ਵੀ ਨੇ ਭੋਗ ਕਰਦੇ
ਵੇ ਟਾਹਲੀ ਨਾਲ ਜਦ ਖਹਿੰਦੀ ਹੈ ਟਾਹਣੀ
ਬਰਫ਼ ਸੰਗ ਬਰਫ਼ ਜਦ ਹੈ ਭੋਗ ਕਰਦੀ
ਤਾਂ ਨੀਲਮ ਜਨਮਦਾ ਹੈ ਮੇਰੇ ਹਾਣੀ

ਤੇ ਤਿਤਲੀ ਭੋਗ ਫੁੱਲਾਂ ਦੇ ਖ਼ਾਤਰ
ਹੈ ਫੁੱਲ ਤੋਂ ਫੁੱਲ ਤੱਕ ਉਡਦੀ ਨਿਮਾਣੀ
ਇਹ ਸ੍ਰਿਸਟੀ ਸੂਰਜੇ ਸੰਗ ਕਾਮ ਖ਼ਾਤਰ
ਹੈ ਘੁੰਮਦੀ ਵੀਨਸੇ ਦੀ ਨਿੱਤ ਜਠਾਣੀ ।
ਜ਼ੁਹਲ ਤੇ ਯੂਰੇਨਸ ਦੀ ਇਹ ਦਰਾਣੀ
ਵੇ ਮੇਰੇ ਦੋਸਤਾ ! ਵੇ ਮਿਹਰਬਾਨਾ
ਇਹ ਸ੍ਰਿਸਟੀ ਕਾਮ ਦੇ ਹੱਥੋਂ ਹੈ ਕਾਣੀ ।

ਵੇ ਮੇਰੇ ਦੋਸਤਾ ! ਵੇ ਵੇਖ ਵੀਰਾ !
ਮੁਹੱਬਤ ਮੂੰਗਿਆਂ ਦਾ ਹੈ ਜਜ਼ੀਰਾ
ਹਵਸ ਦੇ ਸਾਗਰੀਂ ਜੋ ਤਰ ਰਿਹਾ ਹੈ
ਤੇ ਆਪਣੇ ਆਪ ਕੋਲੋਂ ਡਰ ਰਿਹਾ ਹੈ ।

ਮੁਹੱਬਤ ਜਿਗਰ ਹੈ ਇਕ ਉਸ ਮਾਂ ਦਾ
ਜਿਦ੍ਹਾ ਸੂਤਕ ਦੇ ਵਿਚ ਹੀ ਮਰੇ ਬੱਚਾ
ਤੇ ਸੜ ਜਾਏ ਦੁਧਨੀਆਂ ਵਿਚ ਦੁੱਧ ਕੱਚਾ
ਨਾ ਹੋਏ ਪੀੜ ਦਾ ਪਰ ਸੇਕ ਮੱਠਾ ।

ਤੇ ਮੈਂ ਸਮਝਦਾਂ ਇਹ ਸੱਭੇ ਕੁੜੀਆਂ
ਇਹ ਆਟੇ ਸੰਗ ਬਣਾਈਆਂ ਹੈਨ ਚਿੜੀਆਂ
ਜਿਨ੍ਹਾਂ ਸੰਗ ਵਰਚ ਜਾਂਦੈ ਕਾਮ-ਬੱਚਾ
ਇਹ ਸ਼ਾਇਦ ਰਾਤ ਅੱਜ ਦੀ ਚਾਨਣੀ ਜਿਹੀ
ਹੋਏ ਤੈਨੂੰ ਭਾਸਦੀ ਕੋਈ ਜ਼ਰਦ ਪੱਤਾ
ਤੇ ਮੇਰੇ ਵਾਸਤੇ ਇਹ ਰਾਤ ਅੱਜ ਦੀ
ਹੇ ਮੇਰੇ ਦੋਸਤਾ ! ਕੋਈ ਸੁਆਣੀ
ਕਿ ਜਿਸ ਦੀ ਢਾਕ 'ਤੇ ਹੈ ਚੰਨ-ਬੱਚਾ
ਜੋ ਕੁੱਜਾ ਛਾਛ ਦਾ ਸਿਰ 'ਤੇ ਟਿਕਾਈ
ਤੇ ਗਲ ਵਿਚ ਬੁਗਤੀਆਂ ਦਾ ਹਾਰ ਪਾਈ
ਹੈ ਲੈ ਕੇ ਜਾ ਰਹੀ ਚਾਨਣੀ ਦਾ ਭੱਤਾ
ਮੈਂ ਇਹ ਜਾਣਦਾਂ :

ਹੈਂ ਤੂੰ ਵੀ ਸੱਚਾ ।

ਮੈਂ ਇਹ ਜਾਣਦਾਂ ।
ਹਾਂ ਮੈਂ ਵੀ ਸੱਚਾ
ਅਸਲ ਵਿਚ ਰੂਹ ਮਨੁੱਖ ਦੀ ਸ਼ੀਲ ਨੂੰਹ ਹੈ
ਕਿ ਜਿਸ ਦਾ ਬਦਨ ਵੱਤ ਸਿੰਮਲ ਦੇ ਰੂੰ ਹੈ
ਤੁਖ਼ੱਈਯਲ ਦੇ ਵੇ ਦੂਹਰੇ ਘੁੰਡ ਵਿਚੋਂ
ਸਦਾ ਹੀ ਦਿਸਦਾ ਰਹਿੰਦਾ ਜਿਸ ਦਾ ਮੂੰਹ ਹੈ
ਤੇ ਦਿਲ ਦਾਮਾਦ ਹੁੰਦਾ ਹੈ ਮਨੁੱਖ ਦਾ
ਜੋ ਸਾਹ ਨਾ ਲੈਣ ਦੇਂਦਾ ਹੈ ਵੇ ਸੁੱਖ ਦਾ
ਜੋ ਸਿਹਰੇ ਬੰਨ੍ਹ ਕੇ ਵੀ ਸ਼ੁਹਰਤਾਂ ਦੇ
ਹੈ ਥੁੱਕਾਂ ਮੋਢਿਆਂ ਤੋਂ ਰੋਜ਼ ਥੁੱਕਦਾ
ਹੈ ਸੋਹਣੀ ਉਸ ਕਦਰ ਦੀ ਜ਼ਿੰਦਗਾਨੀ
ਕਿ ਜਿੰਨੀ ਹੋਏ ਤਸੱਵਰ ਵਿਚ ਜਵਾਨੀ
ਕਿਸੇ ਲਈ ਕਾਲਖਾਂ ਦਾ ਹੈ ਸਮੁੰਦਰ
ਕਿਸੇ ਲਈ ਇਤਰ-ਭਿੰਨੀ ਅਰਗਵਾਨੀ ।

ਵੇ ਬਹੁਤਾ ਕੀਹ ਮੈਂ ਇਕੋ ਜਾਣਦਾ ਹਾਂ
ਕੋਈ ਵੀ ਸ਼ੈ ਨਹੀਂ ਇਸ ਦੇ ਸਾਨੀ
ਤੂੰ ਜਾਣੇਂ ਸੁਆਦ ਸਾਰੇ ਸਾਗਰਾਂ ਦਾ
ਹੈ ਮੈਂ ਵੀ ਦਰ-ਬਦਰ ਦੀ ਖ਼ਾਕ ਛਾਣੀ ।
ਤੂੰ ਕਹਿੰਦੈਂ ਪਿਆਰ ਨਾਂ ਵਿਸ਼ਵਾਸ ਦਾ ਹੈ
ਤੇ ਜਾਂ ਫਿਰ ਤ੍ਰਿਪਤੀਆਂ ਦੀ ਆਸ ਦਾ ਹੈ
ਮੁਹੱਬਤ ਅਸਲ ਖ਼ਾਤਰ ਤਰਸਦੀ ਹੈ
ਮੁਹੱਬਤ ਨਾਂ ਹੀ ਇਕ ਧਰਵਾਸ ਦਾ ਹੈ
ਮੁਹੱਬਤ ਆਪਣੀ 'ਤੇ ਸ਼ੱਕ ਕਰਨਾ
ਇਹ ਜਜ਼ਬਾ ਵਾਸਨਾ ਦੀ ਪਿਆਸ ਦਾ ਹੈ ।

ਮੁਹੱਬਤ ਰੁਕਮਣੀ, ਨਾ ਦਾਮਨੀ ਹੈ
ਨਾ ਪਦਮਾ, ਹਸਤਨੀ, ਨਾ ਕਾਮਨੀ ਹੈ

ਮੁਹੱਬਤ ਨਾਂ ਗ਼ਮਾਂ ਦੀ ਰਾਸ ਦਾ ਹੈ
ਨਾ ਪੁੱਤਰ ਧੀ, ਨਾ ਮਾਈ ਬਾਪ ਦਾ ਹੈ
ਤੇ ਮੇਰੇ ਵਾਸਤੇ ਮੈਂ ਸਮਝਦਾ ਹਾਂ
ਮੁਹੱਬਤ ਨਾਂ ਹੀ ਚਿੱਟੇ ਮਾਸ ਦਾ ਹੈ।

ਇਹ ਮੈਂ ਹੁਣ ਸਮਝਦਾਂ ਕਿ ਜਾਣ ਦਈਏ
ਉਹ ਸੁਣ ਕੋਈ ਦੂਰ ਚਸ਼ਮਾ ਗਾ ਰਿਹਾ ਹੈ
ਆ, ਆਵਾਜ਼ ਦਾ ਅਨੰਦ ਲਈਏ
ਉਹ ਸਾਹਵੇਂ ਵੇਖ ਚੀਲ੍ਹਾਂ ਤੇ ਚਨਾਰਾਂ
ਉਨ੍ਹਾਂ ਦੀ ਗੋਦ ਵਿਚ ਆ ਚੱਲ ਕੇ ਬਹੀਏ
ਤੇ ਰਲ ਕੇ ਹੀਰ ਦਾ ਕੋਈ ਬੈਂਤ ਕਹੀਏ
ਉਲਾਂਭੇ ਤੇ ਗਿਲੇ ਸਭ ਜਾਣ ਦਈਏ
ਤੇ ਥੋਹੜੇ ਕੁ ਪਲਾਂ ਲਈ ਚੁੱਪ ਰਹੀਏ।
ਤੇ ਥੋਹੜੇ ਕੁ ਪਲਾਂ ਲਈ ਚੁੱਪ ਰਹੀਏ।

ਬੀਹੀ ਦੀ ਬੱਤੀ

ਮੇਰੀ ਬੀਹੀ ਦੀ ਇਹ ਬੱਤੀ
ਮੇਰੀ ਬੀਹੀ ਦੀ ਇਹ ਬੱਤੀ
ਸਹਿਮੀ ਸਹਿਮੀ ਊਂਘ ਰਹੀ ਹੈ
ਅੰਮ੍ਰਿਤ ਵੇਲੇ ਮੱਠੀ ਮੱਠੀ
ਉਨੀਂਦੇ ਮਾਰੀ ਵੇਸਵਾ ਵਾਕਣ
ਮਰੀਅਲ ਮਰੀਅਲ, ਥੱਕੀ ਥੱਕੀ
ਮੇਰੀ ਬੀਹੀ ਦੀ ਇਹ ਬੱਤੀ।

ਮੇਰੀ ਬੀਹੀ ਦੀ ਇਹ ਬੱਤੀ
ਬੱਤੀ ਨਹੀਂ, ਬੀਹੀ ਦੀ ਅੱਖੀ
ਬੜੀ ਡਰਾਉਣੀ ਟੀਰ-ਮਟੱਕੀ
ਬੀਹੀ ਜਿਹੜੀ ਢੱਠੀ ਢੱਠੀ
ਬੀਹੀ ਜਿਹੜੀ ਸਾਰੀ ਕੱਚੀ

ਕਿਸੇ ਸ਼ਰਾਬੀ ਦੀ ਮਾਂ ਵਾਕਣ
ਦੱਬੀ ਦੱਬੀ ਘੁੱਟੀ ਘੁੱਟੀ
ਜੋ ਨਾ ਬੋਲੇ ਡਰਦੀ ਉੱਚੀ
ਮਾੜੀ ਮਾੜੀ ਭੁੱਸੀ ਭੁੱਸੀ
ਰੋਗੀ ਮੇਰੀ ਤ੍ਰੀਮਤ ਵਾਕਣ
ਜਿਹੜੀ ਬੱਚਾ ਜੰਮ ਕੇ ਉੱਠੀ
ਹੱਥੋਂ ਸੱਖਣੀ ਕੰਨੋਂ ਬੁੱਚੀ ।
ਇਸ ਬੀਹੀ ਦੇ ਮੱਥੇ ਉੱਤੇ
ਇਹ ਬੱਤੀ ਚਮਗਾਦੜ ਵਾਕਣ
ਲਟਕ ਰਹੀ ਹੈ ਹੋ ਕੇ ਪੁੱਠੀ
ਮੈਲੇ ਸ਼ੀਸ਼ੇ ਸੰਗ ਲੈ ਇਸ ਦੀ
ਈਕਣ ਟੱਕਰਾਂ ਮਾਰ ਰਹੀ ਹੈ
ਜੀਕਣ ਕੋਈ ਜ਼ਖ਼ਮੀ ਮੈਨਾ
ਹੋਵੇ ਪਿੰਜਰੇ ਦੇ ਵਿਚ ਡੱਕੀ
ਜ਼ਿੰਦਗਾਨੀ ਦੀ ਤਲਖ਼ੀ ਕੋਲੋਂ
ਮੇਰੇ ਵਾਕਣ ਅੱਕੀ ਅੱਕੀ
ਮੇਰੀ ਬੀਹੀ ਦੀ ਇਹ ਬੱਤੀ ।

ਮੇਰੀ ਬੀਹੀ ਦੀ ਇਹ ਬੱਤੀ
ਬੱਤੀ ਨਹੀਂ ਬੀਹੀ ਦੀ ਬੱਚੀ
ਕਾਲਾ ਨ੍ਹੇਰਾ ਚੁੰਘ ਰਹੀ ਹੈ
ਸਿਰ ਬੀਹੀ ਦੀ ਹਿੱਕ 'ਤੇ ਰੱਖੀ
ਨਵ-ਜੰਮੇ ਮੇਰੇ ਬੱਚੇ ਵਾਕਣ
ਹੌਲੀ-ਹੌਲੀ ਮੱਠੀ-ਮੱਠੀ
ਇਹ ਬੀਹੀ ਇਹਦੀ ਅੰਬੜੀ ਸੱਕੀ
ਇਹ ਬੀਹੀ ਮੇਰੀ ਅੰਬੜੀ ਸੱਕੀ
ਇਸ ਬੀਹੀ ਸਾਡੀ ਉਮਰਾ ਕੱਟੀ
ਇਹ ਬੀਹੀ ਸਾਡੀ ਬੇਲਣ ਪੱਕੀ
ਇਸ ਬੱਤੀ ਦਾ ਪੀਲਾ ਚਿਹਰਾ
ਕਈ ਵਾਰੀ ਮੈਨੂੰ ਲੱਗਦਾ ਮੇਰਾ

ਕਈ ਵਾਰੀ ਕਿਸੇ ਖ਼ੂਨੀ ਜਿੰਨ ਦਾ
ਜਿਹੜਾ ਅੰਬਰ ਜੇਡ ਉਚੇਰਾ
ਜਾਂ ਫਿਰ ਬਣ ਜਾਏ ਹੱਥ ਹਿਨਾਈ
ਜਿਹੜਾ ਛਾਪਾਂ ਛੱਲੇ ਪਾਈ
ਮੇਰੇ ਵੱਲੇ ਵਧਦਾ ਆਵੇ
ਵਿੰਹਦਿਆਂ ਵਿੰਹਦਿਆਂ ਸਓਲਾ ਜਿਹਾ
ਮੇਰੀ ਧੀ ਦਾ ਹੱਥ ਬਣ ਜਾਵੇ
ਫਿਰ ਉਹ ਹੱਥ ਛੁਡਾ ਕੇ ਮੈਥੋਂ
ਜਾਵੇ ਇਕ ਮੁੰਡੇ ਸੰਗ ਨੱਸੀ
ਅੱਧੀ ਰਾਤੀਂ ਚੋਰੀ ਛੱਪੀ
ਮੇਰੀ ਗ਼ੁਰਬਤ ਕੋਲੋਂ ਅੱਕੀ
ਮੇਰੀ ਬੀਹੀ ਦੀ ਇਹ ਬੱਤੀ ।

ਮੇਰੀ ਬੀਹੀ ਦੀ ਇਹ ਬੱਤੀ
ਬੱਤੀ ਨਹੀਂ ਚਾਨਣ ਦੀ ਚੱਕੀ
ਨਹੀਂ ਨਹੀਂ ਮੋਈ ਬੀਹੀ ਦਾ ਜਿਉਂ
ਕੀਤਾ ਹੋਵੇ ਦੀਵਾ-ਵੱਟੀ
ਬਿੱਟ ਬਿੱਟ ਪਈ ਹੈ ਵੇਖੀ ਜਾਂਦੀ
ਆਪਣੀ ਮੋਈ ਅੰਬੜੀ ਬਾਰੇ
ਮੈਂ ਜੋ ਕਵਿਤਾ ਲਿਖ ਕੇ ਰੱਖੀ
ਦਿਨ ਚੜ੍ਹਦੇ ਜੋ ਵੇਚ ਦਿਆਂਗਾ
ਆਪਣੀ ਧੀ ਦੇ ਦੰਦਾਂ ਜਿੰਨੇ
ਲੈ ਕੇ ਪੂਰੇ ਦਮੜੇ ਬੱਤੀ
ਇਹ ਬੱਤੀ ਹੈ ਬਿਲਕੁਲ ਬੱਚੀ
ਇਹ ਕੀ ਮੋਇਆਂ ਦਾ ਸਿਰ ਜਾਣੇ
ਗ਼ੁਰਬਤ ਮਾਂ ਦੀ ਵੀ ਨਹੀਂ ਸੱਕੀ
ਮੇਰੀ ਬੀਹੀ ਦੀ ਇਹ ਬੱਤੀ
ਸਹਿਮੀ ਸਹਿਮੀ ਊਂਘ ਰਹੀ ਹੈ
ਅੰਮ੍ਰਿਤ ਵੇਲੇ ਮੱਠੀ ਮੱਠੀ
ਉਨੀਂਦੇ ਮਾਰੀ ਵੇਸਵਾ ਵਾਕਣ

ਮਰੀਅਲ ਮਰੀਅਲ, ਥੱਕੀ ਥੱਕੀ
ਮੇਰੀ ਬੀਹੀ ਦੀ ਇਹ ਬੱਤੀ ।

ਇਕ ਸ਼ਹਿਰ ਦੇ ਨਾਂ

ਅੱਜ ਅਸੀਂ
ਤੇਰੇ ਸ਼ਹਿਰ ਹਾਂ ਆਏ
ਤੇਰਾ ਸ਼ਹਿਰ, ਜਿਉਂ ਖੇਤ ਪੋਹਲੀ ਦਾ
ਜਿਸ ਦੇ ਸਿਰ ਤੋਂ ਪੁੰਨਿਆਂ ਦਾ ਚੰਨ
ਸਿੰਮਲ ਰੁੱਖ ਦੀ ਫੰਬੀ ਵਾਕਣ
ਉੱਡਦਾ ਟੁਰਿਆ ਜਾਏ ।

ਇਹ ਸੜਕਾਂ 'ਤੇ ਸੁੱਤੇ ਸਾਏ
ਵਿਚ ਵਿਚ ਚਿਤਕਬਰਾ ਜਿਹਾ ਚਾਨਣ
ਜੀਕਣ ਹੋਵੇ ਚੌਂਕ ਪੂਰਿਆ
ਧਰਤੀ ਸ਼ੈਂਤ ਨਹਾ ਕੇ ਬੈਠੀ
ਚੰਨ ਦਾ ਚੌਂਕ ਗੁੰਦਾ ਕੇ ਜੀਕਣ
ਹੋਵਣ ਵਾਲ ਵਧਾਏ ।

ਅੱਜ ਰੁੱਤਾਂ ਨੇ ਵਟਣਾ ਮਲਿਆ
ਚਿੱਟਾ ਚੰਨ ਵਿਆਹਿਆ ਚੱਲਿਆ
ਰੁੱਖਾਂ ਦੇ ਗਲ ਲੱਗ ਲੱਗ ਪੌਣਾਂ
ਈਕਰ ਸ਼ਹਿਰ ਤੇਰੇ 'ਚੋਂ ਲੰਘਣ
ਜੀਕਣ ਤੇਰੇ ਧਰਮੀ ਬਾਬਲ
ਤੇਰੇ ਗੌਣ ਬਿਠਾਏ ।

ਸੁੱਤਾ ਘੁਕ ਮੋਤੀਏ ਰੰਗਾ
ਚਾਨਣ ਧੋਤਾ ਸ਼ਹਿਰ ਏ ਤੇਰਾ
ਜੀਕਣ ਤੇਰਾ ਹੋਵੇ ਡੋਲਾ
ਅੰਬਰ ਜੀਕਣ ਤੇਰਾ ਵੀਰਾ

ਬੰਨ੍ਹੇ ਬਾਹੀਂ ਚੰਨ-ਕਲੀਰਾ
ਤਾਰੇ ਸੋਟ ਕਰਾਏ ।

ਅੱਜ ਦੀ ਰਾਤ ਮੁਬਾਰਕ ਤੈਨੂੰ
ਹੋਏ ਮੁਬਾਰਕ ਅੱਜ ਦਾ ਸਾਹਿਆ
ਅਸੀਂ ਤਾਂ ਸਹਿਰ ਤੇਰੇ ਦੀ ਜੂਹ ਵਿਚ
ਮੁਰਦਾ ਦਿਲ ਇਕ ਦੱਬਣ ਆਏ
ਸ਼ਹਿਰ ਕਿ ਜਿਸ ਦੇ ਸਿਰ ਤੋਂ ਪੀਲਾ
ਚੰਨ ਨਿਰਾ ਤੇਰੇ ਮੁਖੜੇ ਵਰਗਾ
ਸਿੰਮਲ ਰੁੱਖ ਦੀ ਫੰਬੀ ਵਾਕਣ
ਉੱਡਦਾ ਟੁਰਿਆ ਜਾਏ
ਜਿਸ ਨੂੰ ਪੀੜ ਨਿਆਣੀ ਮੇਰੀ
ਮਾਈ-ਬੁੱਢੀ ਵਾਕਣ ਫੜ-ਫੜ
ਫੂਕਾਂ ਮਾਰ ਉਡਾਏ
ਭੱਜ ਭੱਜ ਪੋਹਲੀ ਦੇ ਖੇਤਾਂ ਵਿਚ
ਅੱਜ ਅਸੀਂ
ਤੇਰੇ ਸ਼ਹਿਰ ਹਾਂ ਆਏ ।

ਮੇਰਾ ਕਮਰਾ

ਇਹ ਮੇਰਾ ਨਿੱਕਾ ਜਿੰਨਾ ਕਮਰਾ
ਇਹ ਮੇਰਾ ਨਿੱਕਾ ਜਿੰਨਾ ਕਮਰਾ
ਦਰਿਆਈ ਮੱਛੀ ਦੇ ਵਾਕਣ
ਗੂਹੜਾ ਨੀਲਾ ਜਿਸ ਦਾ ਚਮੜਾ
ਵਿਚ ਮਿੱਟੀ ਦਾ ਦੀਵਾ ਊਂਘੇ
ਜੀਕਣ ਅਲਸੀ ਦੇ ਫੁੱਲਾਂ 'ਤੇ
ਮੰਡਲਾਂਦਾ ਹੋਏ ਕੋਈ ਭੰਵਰਾ
ਇਹ ਮੇਰਾ ਨਿੱਕਾ ਜਿੰਨਾ ਕਮਰਾ ।
ਇਸ ਕਮਰੇ ਦੀ ਦੱਖਣੀ ਕੰਧ 'ਤੇ

ਕੰਧ 'ਤੇ ਨਹੀਂ ਕਮਰੇ ਦੇ ਦੰਦ 'ਤੇ
ਮੇਰੇ ਪਾਟੇ ਦਿਲ ਦੇ ਵਾਕਣ
ਪਾਟਾ ਇਕ ਕਲੰਡਰ ਲਟਕੇ
ਕਿਸੇ ਮੁਸਾਫ਼ਰ ਦੀ ਅੱਖ ਵਿਚ ਪਏ
ਗੱਡੀ ਦੇ ਕੋਲੇ ਵੱਤ ਰੜਕੇ
ਫੂਕ ਦਿਆਂ ਜੀ ਕਰਦੈ ਫੜ ਕੇ
ਕਾਸਾ ਫੜ ਕੇ ਟੁਰਿਆ ਜਾਂਦਾ
ਓਸ ਕਲੰਡਰ ਵਾਲਾ ਲੰਗੜਾ
ਜਿਸ ਦੇ ਹੱਥ ਵਿਚ ਹੈ ਇਕ ਦਮੜਾ ।

ਖ਼ੌਰੇ ਫਿਰ ਕਿਉਂ ਦਿਲ ਡਰ ਜਾਂਦੈ
ਸਿਗਰਟ ਦੇ ਧੂੰਏਂ ਸੰਗ ਨਿੱਕਾ
ਇਹ ਮੇਰਾ ਕਮਰਾ ਝੱਟ ਭਰ ਜਾਂਦੈ
ਫਿਰ ਡੂੰਘਾ ਸਾਗਰ ਬਣ ਜਾਂਦੈ
ਵਿੰਹਦਿਆਂ ਵਿੰਹਦਿਆਂ ਨੀਲਾ ਕਮਰਾ
ਇਸ ਸਾਗਰ ਦੀਆਂ ਲਹਿਰਾਂ ਅੰਦਰ
ਮੇਰਾ ਬਚਪਨ ਅਤੇ ਜਵਾਨੀ
ਕੋਠਾ-ਕੁੱਲਾ ਸਭ ਰੁੜ੍ਹ ਜਾਂਦੈ
ਸਾਹਵੀਂ ਕੰਧ 'ਤੇ ਬੈਠਾ ਹੋਇਆ
ਕੋਹੜ ਕਿਰਲੀਆਂ ਦਾ ਇਕ ਜੋੜਾ
ਮਗਰਮੱਛ ਦਾ ਰੂਪ ਵਟਾਉਂਦੈ
ਮੇਰੇ ਵੱਲ ਵਧਦਾ ਆਉਂਦੈ
ਇਕ ਬਾਂਹ ਤੇ ਇਕ ਲੱਤ ਖਾ ਜਾਂਦੈ ।

ਓਸ ਕਲੰਡਰ ਦੇ ਲੰਗੜੇ ਵੱਤ
ਮੈਂ ਵੀ ਹੋ ਜਾਂਦਾ ਮੁੜ ਲੰਗੜਾ
ਆਪਣੀ ਗ਼ੁਰਬਤ ਦੇ ਨਾਂ ਉੱਤੇ
ਮੰਗਦਾ ਫਿਰਦਾਂ ਦਮੜਾ ਦਮੜਾ
ਫਿਰ ਮੇਰਾ ਸਾਹ ਸੁੱਕਣ ਲੱਗਦੈ
ਹੱਡ ਹੱਡ ਮੇਰਾ ਟੁੱਟਣ ਲੱਗਦੈ

ਮੋਈਆਂ ਇੱਲਾਂ ਕੰਨ-ਖਜੂਰੇ
ਅੱਕ ਦੇ ਟਿੱਡੇ ਛਪੜੀ ਕੂਰੇ
ਮੋਏ ਉੱਲੂ, ਮੋਏ ਕਤੂਰੇ
ਖੋਪੜੀਆਂ ਚਮਗਾਦੜ ਭੂਰੇ
ਉਸ ਕਲੰਡਰ ਵਾਲਾ ਲੰਗੜਾ
ਮੇਰੇ ਮੂੰਹ 'ਤੇ ਸੁੱਟਣ ਲੱਗਦੈ
ਗਲ ਮੇਰਾ ਫਿਰ ਘੁੱਟਣ ਲੱਗਦੈ
ਮੇਰਾ ਜੀਵਨ ਮੁੱਕਣ ਲੱਗਦੈ
ਫੇਰ ਅਜਨਬੀ ਕੋਈ ਚਿਹਰਾ
ਮੇਰੇ ਨਾਂ 'ਤੇ ਉਸ ਲੰਗੜੇ ਨੂੰ
ਦੇ ਦੇਂਦਾ ਹੈ ਇਕ ਦੋ ਦਮੜਾ
ਫੇਰ ਕਲੰਡਰ ਬਣ ਜਾਂਦਾ ਹੈ
ਉਸ ਕਲੰਡਰ ਵਰਗਾ ਲੰਗੜਾ
ਇਹ ਮੇਰਾ ਨਿੱਕਾ ਜਿੰਨਾ ਕਮਰਾ
ਦਰਿਆਈ ਮੱਛੀ ਦੇ ਵਾਕਣ
ਗੂੜ੍ਹਾ ਨੀਲਾ ਜਿਸ ਦਾ ਚਮੜਾ
ਇਹ ਮੇਰਾ ਨਿੱਕਾ ਜਿੰਨਾ ਕਮਰਾ ।

ਚਰਿਤ੍ਰ-ਹੀਣ

ਸਾਉਣ ਮਾਂਹ ਦੀ ਸਾਂਵਲੀ
ਸਿੱਲ੍ਹੀ ਹੈ ਸ਼ਾਮ
ਪੀ ਕੇ ਟੁਰਿਆ ਹਾਂ
ਘਰੋਂ ਮਦਰਾ ਦਾ ਜਾਮ
ਸਾਉਣ ਮਾਂਹ ਦੀ ਸਾਂਵਲੀ
ਸਿੱਲ੍ਹੀ ਹੈ ਸ਼ਾਮ ।

ਹਲਕੇ ਕੁੱਤੇ ਦੀ
ਜ਼ੁਬਾਂ ਜਹੀ ਸੜਕ 'ਤੇ

ਤਾਜ਼ਾ ਵੱਸੇ ਮੀਂਹ ਦੀਆਂ
ਇਹ ਛਪੜੀਆਂ
ਜਿਉਂ ਪੁਰਾਣੇ ਉੱਜੜੇ
ਕਿਸੇ ਮਹਿਲ ਦੀ
ਛੱਤ ਤੇ ਰੀਂਗਣ
ਹਜ਼ਾਰਾਂ ਮੱਕੜੀਆਂ
ਜਾਂ ਜਿਵੇਂ ਹਬਸ਼ਣ
ਕਿਸੇ ਦੇ ਮੁੱਖ 'ਤੇ
ਹੋਣ ਗਹਿਰੇ ਪੈ ਗਏ
ਚੀਚਕ ਦੇ ਦਾਗ਼ ।
ਜਾਂ ਦਮੂੰਹਾਂ
ਕੌਡੀਆਂ ਵਾਲਾ ਕੋਈ ਨਾਗ
ਕਿੰਨੇ ਕੋਝੇ ਤੇ ਡਰਾਉਣੇ
ਉਫ਼ ! ਮੇਰੇ ਹਨ ਇਹ ਖ਼ਾਬ ।

ਉਮਰ ਦੇ ਪੰਝੀ ਵਰ੍ਹੇ
ਦਿਨ ਸਵਾ ਕੁ ਨੌਂ ਹਜ਼ਾਰ
ਕਿਹੜੇ ਮਕਸਦ ਵਾਸਤੇ
ਆਖ਼ਿਰ ਨੇ ਦਿੱਤੇ ਮੈਂ ਗੁਜ਼ਾਰ ?
ਕਿਹੜੇ ਮਕਸਦ ਵਾਸਤੇ
ਏਨੇ ਮੈਂ ਸੂਰਜ ਖਾ ਲਏ
ਸਿਰ ਏਨੀਆਂ ਰਾਤਾਂ ਦਾ ਭਾਰ
ਸ਼ਾਇਦ ਇਸ ਲਈ : ਵੇਖ ਸਕਾਂ
ਹਰ ਨਜ਼ਰ ਦੇ ਆਰ ਪਾਰ
ਨਿੱਤ ਕਿਸੇ ਦੇਹੀ 'ਤੇ ਸਕਾਂ
ਕਾਮ ਦਾ ਮੈਂ ਡੰਗ ਮਾਰ
ਦੁਨੀਆਂ ਦੀ ਜਾਂ ਹਰ ਹੁਸੀਨਾ
ਦੇ ਸਕੇ ਮੈਨੂੰ ਪਿਆਰ
ਵੇਖ ਸਕਾਂ ਓਸ ਦੇ
ਮੈਂ ਜਿਸਮ ਨੰਗੇ ਦਾ ਉਭਾਰ

ਉਫ਼ ! ਮੈਂ ਕਿੰਨਾ ਕਮੀਨਾ
ਕਿੰਨੇ ਗੰਦੇ ਹਨ ਵਿਚਾਰ ।

ਕਿੰਨਾ ਗੰਦਾ ਜਿਹਨ ਮੇਰਾ
ਕਿੰਨਾ ਗੰਦ ਸੋਚਦਾਂ
ਆਪਣੇ ਹੱਥ ਨੂੰ ਹੀ ਆਪਣਾ
ਹੱਥ ਲਾਣੋਂ ਰੋਕਦਾਂ
ਇਕ ਕਿਣਕੇ ਤੋਂ ਖ਼ੁਦਾ ਤੀਕਣ
ਮੈਂ ਕਾਮੀ ਮੰਨਦਾਂ
ਮਾਂ ਦੇ ਦੁੱਧ ਨੂੰ
ਮੈਂ ਗਰਮ ਕਰਕੇ ਪੀਣਾ ਲੋਚਦਾਂ
ਮੇਰੇ ਹੱਥ ਵਿਚ, ਜਿਨ੍ਹਾਂ ਵਿਚ
ਧਰੁਵਾਂ ਜਿੰਨੀ ਠੰਢ ਹੈ
ਸੋਚਦਾ ਹਾਂ ਇਨ੍ਹਾਂ ਬਾਰੇ
ਇਸ ਤਰ੍ਹਾਂ ਕੁਝ ਸੋਚਦਾਂ
ਮੇਲ ਇਨ੍ਹਾਂ ਦੇ 'ਚੋਂ ਹੋਵੇ
ਜਨਮ ਕਿਸ ਲਈ ਸੇਕ ਦਾ
ਮੈਂ ਤਾਂ ਐਸੇ ਸੇਕ ਨੂੰ ਵੀ
ਕਾਮ ਪੱਖੋਂ ਵੇਖਦਾਂ
ਮੈਂ ਤਾਂ ਕਹਿੰਦਾ : ਕਾਮ ਹੈ ਹੀ
ਸੇਕ ਦਾ ਆਨੰਦ ਹੈ
ਚਾਹੇ ਉਹ ਸੂਰਜ ਹੈ ਕੋਈ
ਚਾਹੇ ਉਹ ਕੋਈ ਚੰਦ ਹੈ
ਚਾਹੇ ਦੀਵਾ ਜਾਂ ਚਿੰਗਾੜੀ
ਨਜ਼ਰ ਤੋਂ ਵੀ ਮੰਦ ਹੈ
ਕਾਮ ਦੋ ਚੀਜ਼ਾਂ ਦੀ ਮਿਲਣੀ ਦੀ
ਉਪਜ ਦਾ ਰੰਗ ਹੈ ।

ਸੋਚਦਾਂ ਇਹ ਸੜਕ ਕੰਢੇ
ਨਵ-ਬਣੇ ਮਹਿਲਾਂ ਦੀ ਲਾਮ

ਮੈਲੇ ਮੈਲੇ ਕੀੜੇ ਲੱਗੇ
ਦੰਦਾਂ ਵੱਤ ਜੋ ਮੁਸਕਰਾਣ
ਵੇਸਵਾ ਜਿਹੀ ਸੜਕ ਦੇ
ਹੈ ਜਿਉਂ ਬੱਚੇ ਹਰਾਮ
ਉਫ਼ ! ਇਹ ਬੇਜਾਨ ਮਹਿਲਾਂ
ਵਿਚ ਵੀ ਕਿੰਨਾ ਹੈ ਕਾਮ
ਗੋਲ ਰੌਸ਼ਨਦਾਨ
ਅੱਖਾਂ ਵਾਂਗ ਪਏ ਹਨ ਚਮਕਦੇ
ਲੰਮ ਸਲੰਮੀਆਂ ਬਾਰੀਆਂ
ਵਾਂਗ ਹੋਠਾਂ ਮੁਸਕਰਾਣ
ਸੋਚਦਾਂ ਕਿ ਮਹਿਲ
ਮਹਿਲਾਂ ਨੂੰ ਪਏ ਨੇ ਚੁੰਮਦੇ
ਲੈ ਕੇ ਵਿਚ ਗਲਵੱਕੜੀ
ਕੈੜਿਆਂ ਨੂੰ ਟੁਰੇ ਜਾਣ
ਉਫ਼ ! ਮੈਂ ਕਿੰਨਾ ਸ਼ੈਤਾਨ
ਸੋਚਣੀ ਕਿੰਨੀ ਹਰਾਮ ।

ਬਦਲੀਆਂ 'ਚੋਂ
ਅਰਧ ਨੰਗਾ ਸੂਰਜ
ਕਰ ਰਿਹਾ ਝੁਕ ਕੇ
ਹੈ ਕੁਝ ਏਦਾਂ ਸਲਾਮ
ਸੋਨੇ ਦੇ ਕੋਈ ਦੰਦ ਵਾਲੀ
ਕੰਨ ਫ਼ਾਹਸ਼ਾ
ਮੁਸਕਰਾਵੇ ਭਰ ਕੇ ਜਿਉਂ
ਨਜ਼ਰਾਂ 'ਚ ਕਾਮ
ਸਾਉਣ ਮਾਂਹ ਦੀ ਸਾਂਵਲੀ
ਸਿੱਲ੍ਹੀ ਹੈ ਸ਼ਾਮ ।
ਸਾਉਣ ਮਾਂਹ ਦੀ ਸਾਂਵਲੀ
ਸਿੱਲ੍ਹੀ ਹੈ ਸ਼ਾਮ ।

ਮਾਂ

ਮਾਂ
ਹੇ ਮੇਰੀ ਮਾਂ !
ਤੇਰੇ ਆਪਣੇ ਦੁੱਧ ਵਰਗਾ ਹੀ
ਤੇਰਾ ਸੁੱਚਾ ਹੈ ਨਾਂ
ਜੀਭ ਹੋ ਜਾਏ ਮਾਖਿਓਂ
ਹਾਏ ਨੀ ਤੇਰਾ ਨਾਂ ਲਿਆਂ
ਜੇ ਇਜਾਜ਼ਤ ਦਏਂ ਤਾਂ ਮੈਂ ਇਕ ਵਾਰੀ ਲੈ ਲਵਾਂ
ਮਾਘੀ ਦੀ ਹਾਏ ਸੁੱਚੜੀ
ਸੰਗਰਾਂਦ ਵਰਗਾ ਤੇਰਾ ਨਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ
ਹੇ ਮੇਰੀ ਮਾਂ !

ਮਾਂ
ਹੇ ਮੇਰੀ ਮਾਂ !
ਤੂੰ ਮੇਰੀ ਜਣਨੀ ਨਹੀਂ
ਮੈਂ ਹਕੀਕਤ ਜਾਣਦਾਂ
ਤੇਰਾ ਮੇਰਾ ਕੀ ਹੈ ਰਿਸ਼ਤਾ
ਏਸ ਬਾਰੇ ਕੀ ਕਹਾਂ ?
ਗ਼ਮ ਦੇ ਸਹਿਰਾਵਾਂ 'ਚ ਭੁੱਜਿਆ
ਮੈਂ ਹਾਂ ਪੰਛੀ ਬੇ-ਜ਼ੁਬਾਂ
ਦੋ ਕੁ ਪਲ ਜੇ ਦਏਂ ਇਜਾਜ਼ਤ
ਤੇਰੀ ਛਾਵੇਂ ਬੈਠ ਲਾਂ
ਛਾਂ ਕਦੇ ਘਸਦੀ ਤੇ ਨਾ
ਮਾਂ,
ਹੇ ਮੇਰੀ ਮਾਂ !

ਮਾਂ

ਹੇ ਮੇਰੀ ਮਾਂ !

ਜਾਣਦਾਂ, ਮੈਂ ਜਾਣਦਾਂ, ਮੈਂ ਜਾਣਦਾਂ

ਅਜੇ ਤੇਰੇ ਦਿਲ 'ਚ ਹੈ

ਖ਼ੁਸ਼ਬੋ ਦਾ ਹੜ੍ਹ

ਉਮਰ ਮੇਰੀ ਦੇ ਵਰ੍ਹੇ

ਹਾਲੇ ਜਵਾਂ

ਠੀਕ ਹੀ ਕਹਿੰਦੀ ਹੈਂ ਤੂੰ ਅੰਮੜੀਏ

ਰੱਤ ਰੱਤੀ

ਕਾਮ ਦੀ ਹੁੰਦੀ ਹੈ ਮਾਂ

ਪਰ ਮੈਂ ਅੰਮੀਏਂ ਇਹ ਕਹਾਂ

ਰੱਤ ਠੰਢੀ ਹੋਣ ਵਿਚ

ਲੱਗੇਗਾ ਅੰਤਾਂ ਦਾ ਸਮਾਂ

ਕਰਨ ਲਈ ਕੀੜੀ ਨੂੰ ਜਿੰਨਾ

ਸ਼ਾਇਦ ਭੂ-ਪਰਦੱਖਣਾ

ਕੀਹ ਭਲਾ ਏਨੇ ਸਮੇਂ

ਪਿੱਛੋਂ ਹੈ ਜੰਮਦੀ ਇਕ ਮਾਂ

ਝੂਠ ਬਕਦਾ ਹੈ ਜਹਾਂ

ਮਾਂ ਤਾਂ ਹੁੰਦੀ ਹੈ ਛਾਂ

ਛਾਂ ਕਦੇ ਘਸਦੀ ਤੇ ਨਾ

ਮਾਂ

ਹੇ ਮੇਰੀ ਮਾਂ !

ਮਾਂ

ਹੇ ਮੇਰੀ ਮਾਂ

ਤੋਤੇ ਦੀ ਅੱਖ ਵਾਂਗ ਟੀਰਾ

ਹੈ ਅਜੇ ਸਾਡਾ ਜਹਾਂ

ਭੇਡ ਦੇ ਪੀਲੇ ਨੇ ਦੰਦ

ਕੁੱਤੇ ਦੀ ਇਹਦੀ ਜ਼ੁਬਾਂ

ਕਰਦਾ ਫਿਰਦਾ ਹੈ ਜੁਗਾਲੀ

ਕਾਮ ਦੀ ਇਹ ਥਾਂ ਕੁਥਾਂ
ਬਹੁਤ ਬਕਵਾਸੀ ਸੀ ਇਹਦੇ
ਪਿਉ ਦਾ ਪਿਉ
ਬਹੁਤ ਬਕਵਾਸਣ ਸੀ ਇਹਦੀ
ਮਾਂ ਦੀ ਮਾਂ
ਏਥੇ ਥੋਹਰਾਂ ਵਾਂਗ
ਉੱਗਦਾ ਹੈ ਸ਼ੈਤਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ,
ਹੇ ਮੇਰੀ ਮਾਂ !

ਮਾਂ
ਹੇ ਮੇਰੀ ਮਾਂ !
ਮਿਰਗਾਂ ਦੀ ਇਕ ਨਸਲ ਦਾ
ਕਸਤੂਰੀਆਂ ਹੁੰਦਾ ਹੈ ਨਾਂ
ਕਸਤੂਰੀਆਂ ਨੂੰ ਜਨਮ ਦੇਂਦੀ
ਹੈ ਜਦੋਂ ਉਨ੍ਹਾਂ ਦੀ ਮਾਂ
ਪਾਲਦੀ ਹੈ ਰੱਖ ਕੇ
ਇਕ ਹੋਰ ਥਾਂ, ਇਕ ਹੋਰ ਥਾਂ
ਫੇਰ ਆਉਂਦਾ ਹੈ ਸਮਾਂ
ਕਰਮ-ਹੀਣੇ ਬੱਚਿਆਂ ਨੂੰ
ਭੁੱਲ ਜਾਂਦੀ ਹੈ ਉਹ ਮਾਂ
ਮਾਂ-ਵਿਹੂਣੇ ਪਹੁੰਚ ਜਾਂਦੇ
ਨੇ ਕਿਸੇ ਐਸੀ ਉਹ ਥਾਂ
ਜਿਥੇ ਕਿਧਰੇ ਚੁਗਣ ਪਈਆਂ
ਹੋਣ ਰਲ ਕੇ ਬੱਕਰੀਆਂ
ਬੱਕਰੀਆਂ ਵੀ ਕਰਦੀਆਂ ਨਾ
ਚੁੰਘਣੋਂ ਉਨ੍ਹਾਂ ਨੂੰ ਨਾਂਹ
ਮਾਂ ਤਾਂ ਹੁੰਦੀ ਹੈ ਮਾਂ

ਪਸ਼ੂ ਤੋਂ ਮਾੜੀ ਨਹੀਂ
ਤੇਰਾ ਮੇਰਾ ਕੀ ਹੈ ਰਿਸ਼ਤਾ
ਏਸ ਬਾਰੇ ਕੀ ਕਹਾਂ ?
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਤੇਰੇ ਸੁੱਚੇ ਦੁੱਧ ਵਰਗਾ ਹੀ
ਤੇਰਾ ਸੁੱਚਾ ਹੈ ਨਾਂ
ਮਾਂ,
ਹੇ ਮੇਰੀ ਮਾਂ !

ਟਿੱਡੀ ਦਲ

ਨੀਮ ਸਾਂਵਲੀ
ਗਰੜ ਵੱਤ ਨੀਲੀ
ਸਾਵਣ-ਰੰਗੀ ਸੜਕ ਵਿਚ ਪੱਕੀ
ਸੂਤਕ-ਭਿੱਟੀ ਨਾਰ ਦੇ ਵਾਕਣ
ਮੇਰੇ ਪਿੰਡ ਦਿਆਂ ਪੱਟਾਂ ਉੱਤੇ
ਸੁੱਤੀ ਘੂਕ ਹੈ ਸਿਰ ਨੂੰ ਰੱਖੀ
ਪੀੜਾਂ ਭੰਨੀ ਥੱਕੀ ਥੱਕੀ
ਸਾਵਣ-ਰੰਗੀ
ਸੜਕ ਇਹ ਪੱਕੀ

ਏਸ ਸੜਕ ਦੀ ਹਿੱਕ ਮਸਲਦਾ
ਬੂਟਾਂ ਥੀਂ ਇਹਦਾ ਅੰਗ ਅੰਗ ਦਲਦਾ
ਮੋਢੇ ਰੱਖ, ਬੰਦੂਕਾਂ ਚਲਦਾ
ਮੈਲੇ ਸਾਵੇ ਰੰਗਾਂ ਵਾਲਾ
ਟਿੱਡੀ ਦਲ ਇਕ ਲੰਘ ਰਿਹਾ ਹੈ
ਮਿੱਠੀ ਚੁੱਪ ਮੇਰੇ ਖੇਤਾਂ ਦੀ
ਰੌਲਾ ਪਾ ਪਾ ਡੰਗ ਰਿਹਾ ਹੈ
ਟਿੱਡੀਆਂ ਵਾਂਗ ਰੀਂਗਦੇ ਟੈਂਕਾਂ ਦੀ

ਉੱਚੀ ਇਕ ਧਮਕ ਦੇ ਕਾਰਨ
ਮੇਰਾ ਪਿੰਡ ਮੁਰੱਬਿਆਂ ਵਾਲਾ
ਹੌਲੀ-ਹੌਲੀ ਕੰਬ ਰਿਹਾ ਹੈ
ਟਿੱਡੀ ਦਲ ਇਕ ਲੰਘ ਰਿਹਾ ਏ ।

ਹੁਣੇ ਹੁਣੇ ਇਸ ਕਿਨਾਰੇ
ਮੇਰੇ ਪਿੰਡ ਦੀਆਂ ਛਿੰਦੀਆਂ ਪੌਣਾਂ
ਖੱਟੀਆਂ ਦੇ ਫੁੱਲਾਂ ਗਲ ਲੱਗ ਕੇ
ਰਾਂਝੇ ਦੇ ਕੰਨਾਂ ਦੀਆਂ ਮੁੰਦਰਾਂ
ਵਰਗੇ ਫੁੱਲ ਸ਼ਰੀਂਹ ਦੇ ਚੁੰਮ ਕੇ
ਲੁਕਣ ਮੀਚੀ ਖੇਡ ਰਹੀਆਂ ਸਨ ।

ਪਰ ਹੁਣ
ਇਨ੍ਹਾਂ ਦੇ ਸਾਹ ਅੰਦਰ
ਫੈਲ ਗਿਆ ਬਦਬੂ ਦਾ ਸਾਗਰ
ਡੂੰਘੇ ਮੇਰੇ ਦੋਮਾਹਲੇ ਖੂਹੀਂ
ਡਿੱਗ ਪਈ ਸੋਨੇ ਦੀ ਗਾਗਰ

ਇਹ ਕੀ ਹੋਇਆ ?
ਇਹ ਕੀ ਹੋਇਆ ?
ਸਾਰਾ ਪਿੰਡ ਮੇਰੇ ਖ਼ਾਬਾਂ ਵਿਚ
ਸੜ ਬਲ ਕੇ ਹੈ ਕੋਲੇ ਹੋਇਆ ।
ਲਾਹ ਗਈਆਂ ਰੁੱਖਾਂ ਦੀ ਛਿੱਲਾਂ
ਉੱਡਣ ਅੰਬਰੀਂ ਗਿੱਧ ਤੇ ਇੱਲਾਂ
ਲੜਨ ਬਿੱਲੀਆਂ ਰੋਵਣ ਕੁੱਤੇ
ਉੱਲੂ ਪਏ ਮਚਾਵਣ ਖਿੱਲਾਂ
ਘੁੰਮਣ ਥਾਂ-ਥਾਂ ਲੱਖ ਚੁੜੇਲਾਂ
ਪਿੱਠਾਂ ਉੱਤੇ ਥਣ ਲਮਕਾਈ
ਪੁੱਠੇ ਲੰਮੇ ਪੈਰਾਂ ਦੇ ਵਿਚ
ਥੋਹਰਾਂ ਦੇ ਪੱਤਿਆਂ ਦੀਆਂ ਸਿਉਂ ਕੇ

ਠਿੱਬ-ਖੜ੍ਹਿੱਬੀਆਂ ਜੁੱਤੀਆਂ ਪਾਈ
ਖੋਪੜੀਆਂ ਦੇ ਬੋਹਲਾਂ ਵਿਚੋਂ
ਲੰਘੇ ਪੌਣ ਫਰਾਟੇ ਭਰਦੀ
ਸ਼ਾਂ ਸ਼ਾਂ ਕਰਦੀ
ਹੌਕੇ ਭਰਦੀ ।

ਥਾਂ ਪੁਰ ਥਾਂ
ਟਿੱਡੀਆਂ ਦੀਆਂ ਹੇੜਾਂ
ਕਰਨ ਇਕੱਠੀਆਂ ਹੱਡਾਂ ਦੀਆਂ ਢੇਰਾਂ
ਹੱਡੀਆਂ ਦੇ ਢੇਰਾਂ ਵਿਚ ਸੂਵਣ
ਲੱਖ ਲੱਖ ਬੱਚਾ ਦੇਣ ਅਕੇਰਾਂ
ਇਹ ਟਿੱਡੀਆਂ ਧਰਮਾਂ ਘਰ ਜਾਈਆਂ
ਇਹ ਟਿੱਡੀਆਂ ਕੌਮਾਂ ਘਰ ਜਾਈਆਂ
ਇਹ ਟਿੱਡੀਆਂ ਕਾਮ ਤਿਹਾਈਆਂ
ਇਹ ਟਿੱਡੀਆਂ ਜੰਗਾਂ ਨੂੰ ਸਾਈਆਂ
ਇਹ ਟਿੱਡੀਆਂ ਹੱਦਾਂ ਪਰਨਾਈਆਂ
ਮਾਨੁਖਤਾ ਦੀਆਂ ਲਵੀਆਂ ਫ਼ਸਲਾਂ
ਇਨ੍ਹਾਂ ਰਲ ਮਿਲ ਮਾਰ ਮੁਕਾਈਆਂ
ਅੱਜ ਖੜ੍ਹਾ ਇਸ ਸਾਵਣ-ਰੰਗੀ
ਸੜਕ ਕਿਨਾਰੇ ਸੋਚ ਰਿਹਾ ਹਾਂ ।

ਨੀਮ ਸਾਂਵਲੀ
ਗਰੜ ਵੱਤ ਨੀਲੀ
ਸਾਵਣ-ਰੰਗੀ ਸੜਕ ਵਿਚ ਪੱਕੀ
ਜੰਗ ਵਿਚ ਹੋਈ ਵਿਧਵਾ ਵਾਕਣ
ਫਿਰਦੀ ਪਈ ਹੈ ਲੱਥ-ਭਲੱਥੀ
ਆਪਣੇ ਭੁੱਖੇ ਬੱਚੇ ਵਾਕਣ
ਮੇਰੇ ਪਿੰਡ ਨੂੰ ਢਾਕੇ ਚੱਕੀ
ਸਾਵਣ-ਰੰਗੀ ਸੜਕ ਇਹ ਪੱਕੀ
ਸਾਵਣ-ਰੰਗੀ

ਸੜਕ ਇਹ ਪੱਕੀ ।

ਬਨਵਾਸੀ

ਮੈਂ ਬਨਵਾਸੀ, ਮੈਂ ਬਨਵਾਸੀ
ਆਇਆ ਭੋਗਣ ਜੂਨ ਚੁਰਾਸੀ
ਕੋਈ ਲਛਮਣ ਨਹੀਂ ਮੇਰਾ ਸਾਥੀ
ਨਾ ਮੈਂ ਰਾਮ ਅਯੁੱਧਿਆ ਵਾਸੀ
ਮੈਂ ਬਨਵਾਸੀ, ਮੈਂ ਬਨਵਾਸੀ ।

ਨਾ ਮੇਰਾ ਪੰਚ-ਵਟੀ ਵਿਚ ਡੇਰਾ
ਨਾ ਕੋਈ ਰਾਵਣ ਦੁਸ਼ਮਣ ਮੇਰਾ
ਕਣਕ-ਕਕੱਈ ਮਾਂ ਦੀ ਖ਼ਾਤਿਰ
ਮੈਥੋਂ ਦੂਰ ਵਤਨ ਹੈ ਮੇਰਾ
ਪੱਕੀ ਸੜਕ ਦੀ ਪਟੜੀ ਉੱਤੇ
ਸੌਂਦਿਆਂ ਦੂਜਾ ਵਰ੍ਹਾ ਹੈ ਮੇਰਾ
ਮੇਰੇ ਖ਼ਾਬਾਂ ਵਿਚ ਰੋਂਦੀ ਹੈ
ਮੇਰੀ ਦੋ ਵਰ੍ਹਿਆਂ ਦੀ ਕਾਕੀ
ਜੀਕਣ ਪੌਣ ਸਰਕੜੇ ਵਿਚੋਂ
ਲੰਘ ਜਾਂਦੀ ਹੈ ਅੱਧੀ ਰਾਤੀ
ਮੈਂ ਬਨਵਾਸੀ, ਮੈਂ ਬਨਵਾਸੀ ।

ਕੋਈ ਸੁਗਰੀਵ ਨਹੀਂ ਮੇਰਾ ਮਹਿਰਮ
ਨਾ ਕੋਈ ਪਵਨ-ਪੁੱਤ ਮੇਰਾ ਬੇਲੀ
ਨਾ ਕੋਈ ਨਖ਼ਾ ਹੀ ਕਾਮ ਦੀ ਖ਼ਾਤਿਰ
ਆਈ ਮੇਰੀ ਬਣਨ ਸਹੇਲੀ ।

ਮੇਰੀ ਤਾਂ ਇਕ ਬੁੱਢੀ ਮਾਂ ਹੈ
ਜਿਸ ਨੂੰ ਮੇਰੀ ਹੀ ਬੱਸ ਛਾਂ ਹੈ
ਦਿਲ ਭਰ ਥੁੱਕੇ ਦਿੱਕ ਦੇ ਕੀੜੇ

ਜਿਸ ਦੀ ਬੱਸ ਲਬਾਂ 'ਤੇ ਜਾਂ ਹੈ
ਜਾਂ ਉਹਦੀ ਇਕ ਮੋਰਨੀ ਧੀ ਹੈ
ਜਿਸ ਦੇ ਵਰ ਲਈ ਲੱਭਣੀ ਥਾਂ ਹੈ
ਜਾਂ ਫਿਰ ਅਨਪੜ੍ਹ ਬੁੱਢਾ ਪਿਉ ਹੈ
ਜੋ ਇਕ ਮਿਲ ਵਿਚ ਹੈ ਚਪੜਾਸੀ
ਖ਼ਾਕੀ ਜਿਦ੍ਹੇ ਪਜਾਮੇ ਉੱਤੇ
ਲੱਗੀ ਹੋਈ ਹੈ ਚਿੱਟੀ ਟਾਕੀ
ਕੋਈ ਭੀਲਣੀ ਨਹੀਂ ਮੇਰੀ ਦਾਸੀ
ਨਾ ਮੇਰੀ ਸੀਤਾ ਕਿਤੇ ਗਵਾਚੀ ।

ਮੇਰੀ ਸੀਤਾ ਕਰਮਾਂ ਮਾਰੀ
ਉਹ ਨਹੀਂ ਕੋਈ ਜਨਕ ਦੁਲਾਰੀ
ਉਹ ਹੈ ਧੁਰ ਤੋਂ ਫਾਕਿਆਂ ਮਾਰੀ
ਪੀਲੀ ਪੀਲੀ ਮਾੜੀ ਮਾੜੀ
ਜੀਕਣ ਪੋਹਲੀ ਮਗਰੋਂ ਹਾੜ੍ਹੀ
ਪੋਲੇ ਪੈਰੀਂ ਟੁਰੇ ਵਿਚਾਰੀ
ਜਨਮ ਜਨਮ ਦੀ ਪੈਰੋਂ ਭਰੀ
ਹਾਏ ! ਗੁਰਬਤ ਦੀ ਉੱਚੀ ਘਾਟੀ
ਕੀਕਣ ਪਾਰ ਕਰੇਗੀ ਸ਼ਾਲਾ
ਉਹਦੀ ਤ੍ਰੀਮਤ-ਪਣ ਦੀ ਡਾਚੀ ?
ਹਿੱਕ ਸੰਗ ਲਾ ਕੇ ਮੇਰੀ ਕਾਕੀ ?
ਇਹ ਮੈਂ ਅੱਜ ਕੀਹ ਸੋਚ ਰਿਹਾ ਹਾਂ
ਕਿਉਂ ਦੁਖਦੀ ਹੈ ਮੇਰੀ ਛਾਤੀ ?
ਕਿਉਂ ਅੱਖ ਹੋ ਗਈ ਲੋਹੇ-ਲਾਖੀ
ਮੈਂ ਉਹਦੀ ਅਗਨ ਪ੍ਰੀਖਿਆ ਲੈਸਾਂ
ਨਹੀਂ, ਨਹੀਂ, ਇਹ ਤਾਂ ਹੈ ਗੁਸਤਾਖੀ
ਉਸ ਅੱਗ ਦੇ ਵਿਚ ਉਹ ਸੜ ਜਾਸੀ
ਮੇਰੇ ਖ਼ਾਬਾਂ ਵਿਚ ਰੋਂਦੀ ਹੈ
ਮੇਰੀ ਦੋ ਵਰ੍ਹਿਆਂ ਦੀ ਕਾਕੀ
ਹਰ ਪਲ ਵਧਦੀ ਜਾਏ ਉਦਾਸੀ

ਜੀਕਣ ਵਰ੍ਹਦੇ ਬੱਦਲਾਂ ਦੇ ਵਿਚ
ਉੱਡਦੇ ਜਾਂਦੇ ਹੋਵਣ ਪੰਛੀ
ਮੱਠੀ ਮੱਠੀ ਟੋਰ ਨਿਰਾਸੀ
ਮੈਂ ਬਨਵਾਸੀ, ਮੈਂ ਬਨਵਾਸੀ ।

ਰਾਖ਼ ਦਾਨੀ

ਇਹ ਕਾਲੀ ਮਿੱਟੀ ਦੀ ਰਾਖ਼-ਦਾਨੀ ।
ਇਹ ਕਾਲੀ ਮਿੱਟੀ ਦੀ ਰਾਖ਼-ਦਾਨੀ ।
ਇਉਂ ਹੌਲੀ-ਹੌਲੀ ਪਈ ਹੈ ਧੁਖਦੀ
ਕਿ ਜਿਵੇਂ ਵਿਧਵਾ ਕੋਈ ਵਿਚ ਜਵਾਨੀ
ਇਹ ਕਾਲੀ ਮਿੱਟੀ ਦੀ ਰਾਖ਼-ਦਾਨੀ ।

ਜਿਉਂ ਕਾਲੀ ਮਾਤਾ, ਜਿਉਂ ਮਾਂ ਭਵਾਨੀ
ਜੋ ਪੀੜ ਮੇਰੀ ਦੇ ਜ਼ਿੱਦੀ ਬੱਚਿਆਂ ਦਾ
ਖ਼ੂਨ ਨੀਲਾ ਹਾਏ ਪੀਣ ਖ਼ਾਤਰ
ਖੜ੍ਹੀ ਹੈ ਮੁੱਦਤ ਤੋਂ ਵਿਚ ਹੈਰਾਨੀ
ਫੜ ਕੇ ਧੂੰ ਦੀ ਅਲਫ਼-ਹੁਸੈਨੀ
ਕੋਈ ਪਾ ਕੇ ਚੋਲਾ ਹਾਏ ਅਸਮਾਨੀ
ਬੜੇ ਡਰਾਉਣੇ ਜਾਂ ਪੰਛੀ ਵਰਗੀ
ਅੱਖਾਂ ਮੁੰਦੀ ਤੇ ਹਿੱਕ ਤਾਣੀ ।

ਜਾਂ ਪਿਉ ਲੰਮੂਬੇ ਦੀ ਧੀ ਅੰਞਾਣੀ
ਜੋ ਬਾਪ ਆਪਣੇ ਦੀ ਮੌਤ ਪਿੱਛੋਂ
ਆਪਣੀ ਮਾਂ ਦੀ ਹੁਸੀਨ ਗੋਦੀ 'ਚ
ਘੂਕ ਸੁੱਤੀ ਹੈ ਭੁੱਖੀ-ਭਾਣੀ
ਤੇ ਸੁੱਤੀ ਸੁੱਤੀ ਇਹ ਕਹਿ ਰਹੀ ਹੈ-
ਇਹ ਯੁੱਗ ਕਿੰਨਾ ਹੈ ਅਗਰਗਾਮੀ
ਹੈ ਕਿੰਨੀ ਜ਼ਿੱਲਤ ਅਜੇ ਵੀ ਬੰਦਾ
ਬੰਦੇ ਅੱਗੇ ਕਰੇ ਗ਼ੁਲਾਮੀ ।

ਜਾਂ ਰਾਖ਼-ਦਾਨੀ ਦਾ ਮੋਰ-ਪੰਖੀ
ਵਲੇਵੇਂ ਖਾਂਦਾ ਸਿਗਰਟੀ ਧੂੰਆਂ
ਕਿ ਜਿਵੇਂ ਕਿਧਰੇ ਵੀਰਾਨ ਥਾਵੇਂ
ਕੋਈ ਰੁੱਖ ਸਫੈਦੇ ਦਾ ਹੋਏ ਅਲੂੰਆਂ
ਜਿਉਂ ਇੱਛਿਆਧਾਰੀ ਕੋਈ ਸੱਪ ਦਮੂੰਹਾਂ
ਜਾਂ ਜਿਉਂ ਸਰੋਵਰ 'ਚੋਂ ਸਾਂਵਲੀ ਜਿਹੀ
ਨਹਾ ਕੇ ਨਿਕਲੀ ਕੋਈ ਜਵਾਨੀ
ਤੇ ਕੰਢੇ ਖੜ੍ਹ ਕੇ ਸੁਕਾਏ ਪਾਣੀ
ਬੀਮਾਰ ਜੇਹੀ ਤਵੀਤ ਪਹਿਨੀ ।

ਇਹ ਰਾਖ਼-ਦਾਨੀ, ਬੀਅਰ ਦੀ ਬੋਤਲ
ਇਹ ਮੇਜ਼ ਹੋਟਲ ਦੇ ਸਾਗਵਾਨੀ
ਇਹ ਓਹੋ ਬੈਰੇ ਤੇ ਓਹੋ ਚਿਹਰੇ
ਇਹ ਓਹੋ ਬਕ ਬਕ ਤੇ ਕੁੱਤੇ ਖਾਣੀ
ਬੇਹੇ ਪਿਆਜ਼ਾਂ ਦੀ ਬੂ ਪੁਰਾਣੀ ।

ਉਫ਼ ! ਕਿੰਨੀ ਹੀ ਹੈ ਵੀਰਾਨੀ
ਰੌਲੇ-ਰੱਪੇ ਦੀ ਗਹਿਰੀ ਦਲਦਲ 'ਚ
ਮੇਰੇ ਵਾਕਣ ਹੈ ਧੱਸਦੀ ਜਾਂਦੀ
ਇਹ ਸ਼ਾਮ ਸੂਹੀ ਤੇ ਅਰਗ਼ਵਾਨੀ
ਇਹ ਰਾਖ਼-ਦਾਨੀ, ਇਹ ਰਾਖ਼-ਦਾਨੀ
ਜਿਉਂ ਰਾਤ ਕਾਲੀ ਕੋਈ ਤੂਫ਼ਾਨੀ
ਕਿ ਜਿਸ 'ਚ ਚਮਕੇ ਕੋਈ ਨਾ ਤਾਰਾ
ਸਿਆਹ ਪੁਲਾੜਾਂ ਦੇ ਰਾਹ ਦੀ ਬਾਨੀ
ਉਫ਼ ! ਕਿੰਨੀ ਹੀ ਹੈ ਡਰਾਉਣੀ ।

ਓ ਬੈਰਾ ! ਬਿੱਲ ਲੈ ਆ
ਤੇ ਚੁੱਕ ਲੈ ਏਥੋਂ ਇਹ ਰਾਖ਼-ਦਾਨੀ
ਇਹ ਤਾਂ ਮੈਨੂੰ ਇਉਂ ਹੈ ਲੱਗਦੀ
ਹਜ਼ਾਰ ਮੈਗਾਟਨ ਬੰਬ ਵਾਕਣ ਜਿਉਂ

ਮੇਜ਼ ਮੇਰੀ 'ਤੇ ਫਟ ਹੈ ਜਾਣੀ
ਤੇ ਖ਼ਾਲੀ ਹੋਈ ਬੀਅਰ ਦੀ ਬੋਤਲ
ਜਿਉਂ ਬਣ ਕੇ ਰਾਕਟ ਹੈ ਉੱਡ ਜਾਣੀ ।

ਚੁੱਕ ਲੈ ਏਥੋਂ ਇਹ ਖ਼ਾਲੀ ਬੋਤਲ
ਤੇ ਕਾਲੀ ਮਿੱਟੀ ਦੀ ਰਾਖ਼-ਦਾਨੀ ।
ਜੋ ਹੌਲੀ-ਹੌਲੀ ਪਈ ਹੈ ਧੁਖ਼ਦੀ
ਕਿ ਜਿਵੇਂ ਵਿਧਵਾ ਕੋਈ ਵਿਚ ਜਵਾਨੀ
ਇਹ ਕਾਲੀ ਮਿੱਟੀ ਦੀ ਰਾਖ਼-ਦਾਨੀ ।
ਇਹ ਕਾਲੀ ਮਿੱਟੀ ਦੀ ਰਾਖ਼-ਦਾਨੀ ।

ਹਿਜੜਾ

ਰਾਤ ਅੱਧੀ ਆਰ
ਅੱਧੀ ਪਾਰ ਹੈ :
ਸੋਚ ਮੇਰੀ ਵਾਂਗ ਹੀ
ਬੇਜ਼ਾਰ ਹੈ
ਇਹ ਤਾਂ ਮੈਨੂੰ ਇਉਂ ਪਈ ਹੈ ਭਾਸਦੀ
ਮੇਰੇ ਵਾਕਣ ਮਰਦ ਹੈ ਨਾਰ ਹੈ ।
ਰਾਤ ਅੱਧੀ ਆਰ
ਅੱਧੀ ਪਾਰ ਹੈ ।

ਗਲੀ ਗਲੀ ਚੁੰਮਣੇ ਪੁੱਤਰ ਪਰਾਏ
ਕਿਸ ਕਦਰ ਹੋਛਾ ਜਿਹਾ ਰੁਜ਼ਗਾਰ ਹਾਏ
ਵੇਲ ਪਿੱਛੋਂ ਸੱਦ ਲਾ ਕੇ ਆਖਣਾ
ਵੇਲ ਤੇਰੀ ਹੋਰ ਵੀ ਦਾਤਾ ਵਧਾਏ ।

ਕਿਸ ਕਦਰ
ਅਸਚਰਜ ਦੀ ਗੱਲ ਹਾਏ
ਇਕ ਮਾਂਗਤ ਰਾਜਿਆਂ ਨੂੰ ਖ਼ੈਰ ਪਾਏ

ਹਾਏ ਨਾ ਦਾਤਾ ਸਮਝ ਆਏ ।

ਮੇਰੀ ਆਪਣੀ ਵੇਲ ਖੁਦ ਬੇ-ਕਾਰ ਹੈ
ਇਹ ਧੁਰਾਂ ਤੋਂ
ਜ਼ਰਦ ਤੇ ਬਿਮਾਰ ਹੈ
ਏਸ ਨੂੰ ਨਾ ਫੁੱਲ
ਨਾ ਕੋਈ ਖ਼ਾਰ ਹੈ ।
ਮੇਰੇ ਲਈ ਹੈ ਅਜਨਬੀ ਕੁੱਖਾਂ ਦੀ ਪੀੜ
ਪਿਆਰ ਦੀ ਮੈਨੂੰ ਭਲਾ ਕੀ ਸਾਰ ਹੈ ?
ਲੋਰੀਆਂ ਦੇਣਾ
ਤਾਂ ਇਕ ਰੁਜ਼ਗਾਰ ਹੈ
ਕਾਮ ਦੀ ਜਾਂ ਪੂਰਤੀ ਦਾ ਆਹਰ ਹੈ
ਰਾਤ ਅੱਧੀ ਆਰ
ਅੱਧੀ ਪਾਰ ਹੈ
ਮੇਰੇ ਵਾਕਣ ਮਰਦ ਹੈ ਨਾਰ ਹੈ ।

ਹਾਏ ਮੈਨੂੰ
ਕਿਸ ਗੁਨਾਹ ਦੀ ਇਹ ਸਜ਼ਾ ?
ਨਾ ਮੈਂ ਆਦਮ
ਤੇ ਨਾ ਹੀ ਮੈਂ ਹੱਵਾ
ਕਾਮ ਦਾ ਹੁੰਦਾ ਹੈ ਖ਼ੌਰੇ ਕੀਹ ਮਜ਼ਾ ?
ਆਖਦੇ ਨੇ -
ਕਾਮ ਹੁੰਦਾ ਹੈ ਖੁਦਾ
ਕਾਮ ਵਿਚ ਹੁੰਦਾ ਹੈ ਲੋਜੜੇ ਦਾ ਨਸ਼ਾ
ਪਰ ਇਹ ਮੈਨੂੰ ਕੀ ਪਤਾ ।

ਕਾਮ ਦੇ ਦਿਉਤੇ ਦੀ
ਮੈਨੂੰ ਤਾਂ ਧੁਰੋਂ ਹੀ ਮਾਰ ਹੈ
ਜਿਸਮ ਮੇਰਾ ਰਾਮ-ਲੀਲ੍ਹਾ ਦਾ
ਕੋਈ ਕਿਰਦਾਰ ਹੈ

ਜਿਸ ਦੇ ਹੱਥ ਵਿਚ
ਕਾਠ ਦੀ ਤਲਵਾਰ ਹੈ
ਚਮਕਦੀ ਹੈ ਪਰ ਨਾ ਕੋਈ ਧਾਰ ਹੈ
ਛੂਠਾ ਮੂਠਾ ਕਰਨਾ ਜਿਸ ਨੇ ਵਾਰ ਹੈ
ਰਾਤ ਅੱਧੀ ਆਰ
ਅੱਧੀ ਪਾਰ ਹੈ
ਮੇਰੇ ਵਾਕਣ ਮਰਦ ਹੈ ਨਾਰ ਹੈ ।

ਹੇ ਮਨਾ !
ਨਾ ਹੋਰ ਲੰਮੀ ਸੋਚ ਕਰ
ਸੋਚ ਲੰਮੀ ਸੰਨ੍ਹ ਲਾਣੀ ਸਮੇਂ ਨੂੰ
ਸਮੇਂ ਨੂੰ ਤਾਂ ਸੰਨ੍ਹ ਲਾਣੀ ਪਾਪ ਹੈ ।
ਸਮਾਂ ਹੀ ਤਾਂ ਜ਼ਿੰਦਗੀ ਦਾ ਬਾਪ ਹੈ ।
ਉੱਠ
ਕਿ ਸਾਰੇ ਨੇ ਸਾਥੀ ਸੌਂ ਰਹੇ
ਸੁਪਨਿਆਂ ਦੇ ਸ਼ਹਿਰ ਸੱਭੇ ਭੌਂ ਰਹੇ
ਜ਼ਿੰਦਗੀ ਇਕ ਕਾਮ
ਦੂਜੇ ਕੰਮ ਬਿਨ
ਹੇ ਮਨਾ ਬੇ-ਕਾਰ ਹੈ, ਬੇ-ਕਾਰ ਹੈ
ਇਕ ਵਾਧੂ ਭਾਰ ਹੈ
ਤੈਨੂੰ ਮਰ ਜਾਣਾ ਹੀ ਬਸ ਦਰਕਾਰ ਹੈ
ਰਾਤ ਅੱਧੀ ਆਰ
ਅੱਧੀ ਪਾਰ ਹੈ
ਮੇਰੇ ਵਾਕਣ ਮਰਦ ਹੈ ਨਾਰ ਹੈ
ਰਾਤ ਅੱਧੀ ਆਰ
ਅੱਧੀ ਪਾਰ ਹੈ ।

ਲੂਣਾ

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਸਾਡੇ ਫੁੱਲ ਕੁਮਲਾਇਆ
ਜਿਸ ਦਾ ਇੱਛਰਾਂ ਰੂਪ ਹੰਢਾਇਆ
ਮੈਂ ਪੂਰਨ ਦੀ ਮਾਂ । ਪੂਰਨ ਦੇ ਹਾਣ ਦੀ ।

ਮੈਂ ਉਸ ਤੋਂ ਇਕ ਚੁੰਮਣ ਵੱਡੀ
ਪਰ ਮੈਂ ਕੀਕਣ ਮਾਂ ਉਹਦੀ ਲੱਗੀ
ਉਹ ਮੇਰੀ ਗਰਭ ਜੂਨ ਨਾ ਆਇਆ
ਲੋਕਾ ਵੇ, ਮੈਂ ਧੀ ਵਰਗੀ ਸਲਵਾਨ ਦੀ ।

ਪਿਤਾ ਜੇ ਧੀ ਦਾ ਰੂਪ ਹੰਢਾਵੇ
ਲੋਕਾ ਵੇ ! ਤੈਨੂੰ ਲਾਜ ਨਾ ਆਵੇ
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿਤ੍ਰ-ਹੀਣ ਕਵ੍ਹੇ ਕਿਉਂ ਜੀਭ ਜਹਾਨ ਦੀ ।

ਚਰਿਤ੍ਰ-ਹੀਣ ਤੇ ਤਾਂ ਕੋਈ ਆਖੇ
ਜੇ ਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾ ਲੱਭਣ ਮਾਪੇ
ਹਾਣ ਲੱਭਣ ਵਿਚ ਗੱਲ ਕੀ ਹੈ ਅਪਮਾਨ ਦੀ ।

ਲੂਣਾ ਹੋਵੇ ਤਾਂ ਅਪਰਾਧਣ
ਜੇਕਰ ਅੰਦਰੋਂ ਹੋਏ ਸੁਹਾਗਣ
ਮਹਿਕ ਉਹਦੀ ਜੇ ਹੋਵੇ ਦਾਗ਼ਣ
ਮਹਿਕ ਮੇਰੀ ਤਾਂ ਕੰਜਕ ਮੈਂ ਹੀ ਜਾਣਦੀ ।

ਜੋ ਸਲਵਾਨ ਮੇਰੇ ਲੜ ਲੱਗਾ
ਦਿਨ ਭਰ ਚੁੱਕ ਫ਼ਾਈਲਾਂ ਦਾ ਥੱਬਾ
ਸ਼ਹਿਰੋ ਸ਼ਹਿਰ ਰਵ੍ਹੇ ਨਿੱਤ ਭੱਜਾ
ਮਨ ਵਿੱਚ ਚੇਟਕ ਚਾਂਦੀ ਦੇ ਫੁੱਲ ਖਾਣ ਦੀ ।

ਚਿਰ ਹੋਇਆ ਉਹਦੀ ਇੱਛਰਾਂ ਮੋਈ

ਇਕ ਪੂਰਨ ਜੰਮ ਪੂਰਨ ਹੋਈ
ਉਹ ਪੂਰਨ ਨਾ ਜੋਗੀ ਕੋਈ
ਉਸ ਦੀ ਨਜ਼ਰ ਹੈ ਮੇਰਾ ਹਾਣ ਪਛਾਣਦੀ ।

ਹੋ ਚੱਲਿਆ ਹੈ ਆਥਣ ਵੇਲਾ
ਆਇਆ ਨਹੀਂ ਗੋਰਖ ਦਾ ਚੇਲਾ
ਦਫ਼ਤਰ ਤੋਂ ਅੱਜ ਘਰ ਅਲਬੇਲਾ
ਮੈਂ ਪਈ ਕਰਾਂ ਤਿਆਰੀ ਕੈਫ਼ੇ ਜਾਣ ਦੀ ।

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਸਾਡੇ ਫੁੱਲ ਕੁਮਲਾਇਆ
ਜਿਸ ਦਾ ਇੱਛਰਾਂ ਰੂਪ ਹੰਢਾਇਆ
ਮੈਂ ਪੂਰਨ ਦੀ ਮਾਂ । ਪੂਰਨ ਦੇ ਹਾਣ ਦੀ ।

ਇਕ ਸਫ਼ਰ

ਉਹ ਵੀ ਸ਼ਹਿਰੋਂ ਆ ਰਹੀ ਸੀ
ਮੈਂ ਵੀ ਸ਼ਹਿਰੋਂ ਆ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ ।
ਦੂਰ ਲਹਿੰਦੇ ਦੀ ਖੁਸ਼ਕ ਟਹਿਣੀ 'ਤੇ ਦੂਰ
ਫੁੱਲ ਸੂਰਜ ਦਾ ਅਜੇ ਕੁਮਲਾ ਰਿਹਾ ਸੀ
ਉਹਦੇ ਤੇ ਮੇਰੇ ਵਿਚਾਲੇ ਵਿੱਥ ਸੀ
ਫਿਰ ਮੈਨੂੰ ਸੇਕ ਉਹਦਾ ਆ ਰਿਹਾ ਸੀ
ਯੱਕੇ ਵਾਲਾ ਹੌਲੀ-ਹੌਲੀ ਗਾ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ ।

ਦੋਵੇਂ ਕੰਢੇ ਸਾਂਵਲੀ ਜਿਹੀ ਸੜਕ ਦੇ
ਉਹਦੇ ਬੁੱਲ੍ਹਾਂ ਵਾਂਗ ਪਏ ਸੀ ਫਰਕਦੇ
ਜਾਪਦਾ ਸੀ ਮੀਲ-ਪੱਥਰ, ਬੁਰਜੀਆਂ
ਸੜਕ ਦੇ ਪਏ ਦੰਦ ਹੋਵਣ ਹੱਸਦੇ

ਪੌਣ ਦਾ ਚਿਮਟਾ ਪਿਆ ਸੀ ਵੱਜਦਾ
ਟਾਹਲੀਆਂ ਦੇ ਪੱਤੇ ਪਏ ਸੀ ਖੜਕਦੇ
ਵੇਖ ਰਹੇ ਸਨ ਸਾਡੀ ਵੱਲੇ ਨਾਮੁਰਾਦ
ਕਾਸ਼ਨੀ ਜਿਹੇ ਫੁੱਲ ਪਹਾੜੀ ਅੱਕ ਦੇ
ਬੀਜ ਰਹੇ ਸਨ ਮੇਰੇ ਦਿਲ ਵਿਚ ਸਰਘੀਆਂ
ਲਾਲ ਸੂਹੇ ਕੋਰ ਉਹਦੀ ਅੱਖ ਦੇ
ਦੂਰ ਇਕ ਆਥਣ ਦਾ ਤਾਰਾ ਫਿੱਕੜਾ
ਗਗਨ ਦੀ ਹੁਣ ਗੱਲ੍ਹ 'ਤੇ ਮੁਸਕਾ ਰਿਹਾ ਸੀ
ਇਕ ਨਿਆਣੇ ਦੇ ਗੁਲਾਬੀ ਮੁੱਖ ਉੱਤੇ
ਕਾਲੇ ਤਿਲ ਦੇ ਵਾਂਗ ਨਜ਼ਰੀਂ ਆ ਰਿਹਾ ਸੀ
ਉਹਦੇ ਤੇ ਮੇਰੇ ਵਿਚਾਲੇ ਫਾਸਲਾ
ਸਾਡੀ ਮੰਜ਼ਿਲ ਵਾਂਗ ਘਟਦਾ ਜਾ ਰਿਹਾ ਸੀ
ਯੱਕੇ ਵਾਲਾ ਹੌਲੀ ਹੌਲੀ ਗਾ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ ।

ਉਫ਼ਕ ਦੇ ਨੈਣਾਂ 'ਚ ਕੁਝ ਨੀਲਾ ਕੁ ਧੂੰ
ਕਾਗ ਦੇ ਜਿਉਂ ਬੋਟ ਦੇ ਪਿੰਡੇ 'ਤੇ ਲੂੰ
ਬਖ਼ਸ਼ਦਾ ਸੀ ਜਾ ਰਿਹਾ ਮੈਨੂੰ ਸਕੂੰ
ਦੂਰ ਉਸ ਧੂੰਏਂ ਦੇ ਉਸ ਜੰਗਲ ਤੋਂ ਪਾਰ
ਜਾ ਰਹੀ ਸੀ ਪੰਛੀਆਂ ਦੀ ਇਕ ਡਾਰ
ਮੇਰਾ ਜੀ ਕੀਤਾ ਕਿ ਮੈਂ ਉਸ ਡਾਰ ਨੂੰ
ਉੱਚੀ ਦੇਣੀ ਇਕ ਕਹਾਂ ਆਵਾਜ਼ ਮਾਰ
'ਨਾਲ ਆਪਣੇ ਲੈ ਚਲੋ ਸਾਨੂੰ ਵੀ ਯਾਰ
ਦੂਰ ਇਸ ਦੁਨੀਆਂ ਤੋਂ ਕਿਧਰੇ ਪਰਲੇ ਪਾਰ
ਦੇਣਾ ਸਾਨੂੰ ਉਸ ਜਜ਼ੀਰੇ 'ਤੇ ਉਤਾਰ
ਜਿਥੇ ਸਕੀਏ ਰਾਤ ਅੱਜ ਦੀ ਇਹ ਗੁਜ਼ਾਰ'
ਸਿਆਹ ਹਨੇਰਾ ਸਿਆਹ ਦੀ ਇਕ ਸਪਣੀ ਦੇ ਵਾਂਗ
ਮੇਰੇ ਵੱਲੇ ਸਰਕਦਾ ਹੀ ਆ ਰਿਹਾ ਸੀ
ਮੇਰਾ ਹੱਥ ਹੁਣ ਉਹਦਿਆਂ ਹੱਥਾਂ ਦੇ ਨਾਲ
ਖ਼ੌਰੇ ਕਿੰਨੀ ਦੇਰ ਤੋਂ ਟਕਰਾ ਰਿਹਾ ਸੀ

ਜੀਕਣਾਂ ਘੁੱਗੀਆਂ ਦਾ ਜੋੜਾ ਕੰਧ 'ਤੇ
ਚੁੰਝ ਦੇ ਵਿਚ ਚੁੰਝ ਪਾ ਮੁਸਕਾ ਰਿਹਾ ਸੀ
ਯੱਕੇ ਵਾਲਾ ਹੌਲੀ ਹੌਲੀ ਗਾ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ ।

ਸੜਕ ਦੇ ਬੁੱਲ੍ਹਾਂ 'ਤੇ ਅੰਬਾਂ ਦੀ ਕਤਾਰ
ਮਹਿਕ ਆਪਣੇ ਬੂਰ ਦੀ ਸੀ ਰਹੀ ਖਿਲਾਰ
ਉਸ ਪਲਾਡੇ ਵਿਚ ਅਜੇ ਤੀਕ
ਚੁਗ ਰਹੀ ਸੀ ਬਿਜੜਿਆਂ ਦੀ ਇਕ ਡਾਰ
ਹੁਣ ਉਹਦੇ ਹੱਥ ਮੇਰਿਆਂ ਹੱਥਾਂ 'ਚ ਸਨ
ਬਰਫ਼ ਨਾਲੋਂ ਵੱਧ ਸਨ ਜੋ ਠੰਢੇ ਠਾਰ
ਜੀਕਣਾਂ ਬਿੱਲੇ ਦੇ ਮੂੰਹ ਕੋਈ ਗੁਟਾਰ
ਕਰ ਰਹੇ ਸਨ ਫੇਰ ਵੀ ਮੈਨੂੰ ਪਿਆਰ
ਜਦ ਹੀ ਭੈੜੀ ਰਾਹ ਅਸਾਡਾ ਕੱਟ ਗਈ
ਕਾਲੀ ਬਿੱਲੀ ਵਾਗਣਾਂ ਇਕ ਕਾਲੀ ਕਾਰ
ਸਾਡੇ ਮੂੰਹ 'ਤੇ ਰੌਸ਼ਨੀ ਦਾ ਇਕ ਬੁੱਕ ਮਾਰ
ਸਾਨੂੰ ਉਸ ਖੇਡ ਤੋਂ ਗਈ ਵਿਸਾਰ
ਪਿੱਛੇ ਬੱਤੀ ਲਾਲ ਜਿਹੀ ਉਸ ਕਾਰ ਦੀ
ਅਜੇ ਤੀਕਣ ਚਮਕ ਪਈ ਸੀ ਮਾਰਦੀ
ਜਾਪਦਾ ਸੀ ਸੜਕ ਦੇ ਮੱਥੇ 'ਤੇ ਜਿਉਂ
ਕੰਮ ਦੌਣੀ ਦਾ ਪਈ ਸੀ ਸਾਰਦੀ
ਜਾਂ ਮਣੀ ਚਮਕੇ ਗਲੇ ਦੇ ਹਾਰ ਦੀ
ਪੌਣਾਂ ਦੇ ਪੈਰਾਂ 'ਚ ਝਾਂਜਰ ਮਹਿਕ ਦੀ
ਫੁੱਲ ਚੌਂਹ ਹੱਥਾਂ ਦਾ ਰਲ ਕੇ ਪਾ ਰਿਹਾ ਸੀ
ਜਾਪਦਾ ਸੀ ਤੇਜ਼ ਸੂਰਜ ਹਾੜ ਦਾ
ਸਾਡੀਆਂ ਤਲੀਆਂ 'ਚੋਂ ਚੜ੍ਹਦਾ ਆ ਰਿਹਾ ਸੀ
ਸੇਕ ਵਧਦਾ ਜਾ ਰਿਹਾ ਸੀ
ਯੱਕੇ ਵਾਲਾ ਹੌਲੀ ਹੌਲੀ ਗਾ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ ।

ਆ ਰਹੀ ਸੀ ਤੇਜ਼ ਸੁੰਮਾਂ ਦੀ ਆਵਾਜ਼
ਤਾਲ ਵਿਚ ਸੀ ਛਣਕਦਾ ਯੱਕੇ ਦਾ ਸਾਜ਼
ਸਾਜ਼ 'ਚੋਂ ਇਕ ਉਭਰਦੀ ਐਸੀ ਆਵਾਜ਼
ਬਿਜਲੀ ਦੇ ਖੰਭਿਆਂ 'ਚੋਂ ਜਿਸ ਤਰ੍ਹਾਂ
ਨਿੱਕੇ ਹੁੰਦੇ ਕੰਨ ਲਾ ਸੁਣਦੇ ਆਵਾਜ਼
ਪਰ ਨਾ ਆਉਂਦਾ ਸਮਝ ਦੇ ਵਿਚ ਉਸਦਾ ਰਾਜ਼
ਸਮਝਦੇ ਕਿ ਹੈ ਪਰੇਤਾਂ ਦੀ ਆਵਾਜ਼
ਉੱਡ ਰਹੇ ਨੇ ਜਾਂ ਕਿ ਲਾਮਾਂ ਵਿਚ ਜਹਾਜ਼
ਜਗਤ ਦੇ ਪਾਪਾਂ ਤੋਂ ਚਿੜ ਕੇ ਸਮਝਦੇ
ਹੋ ਗਏ ਜਾਂ ਦੇਵਤੇ ਸਾਰੇ ਨਾਰਾਜ਼
ਹੱਥ ਸਾਡੇ ਅੱਗ ਦੀ ਉਸ ਖੇਡ ਤੋਂ
ਅਜੇ ਤੀਕਣ ਵੀ ਨਹੀਂ ਹਨ ਆਏ ਬਾਅਜ਼
ਆ ਰਹੀ ਸੀ ਤੇਜ਼ ਸੁੰਮਾਂ ਦੀ ਆਵਾਜ਼
ਛਣਕਦਾ ਸੀ ਜਾ ਰਿਹਾ ਯੱਕੇ ਦਾ ਸਾਜ਼ ।

ਉਹਦੇ ਪਿੰਡ ਦੀ ਉੱਚੀ ਮਸਜਿਦ ਦਾ ਮਿਨਾਰ
ਉਸ ਹਨੇਰੇ ਵਿਚ ਵੀ ਨਜ਼ਰੀਂ ਆ ਰਿਹਾ ਸੀ
ਉਹ ਤੇ ਉਹਦੇ ਨਾਲ ਉਹਦਾ ਹੱਥ ਵੀ
ਮੇਰੇ ਹੱਥਾਂ 'ਚੋਂ ਨਿਕਲ ਕੇ ਜਾ ਰਿਹਾ ਸੀ
ਉਹਦੇ ਬਾਝੋਂ ਓਸ ਦਾ ਹੀ ਹੁਣ ਗਰਾਂ
ਲੱਗਿਆ ਕਿ ਖਾਣ ਨੂੰ ਜਿਉਂ ਆ ਰਿਹਾ ਸੀ
ਯੱਕੇ ਵਾਲਾ ਖ਼ੌਰੇ ਕੀ ਕੁਰਲਾ ਰਿਹਾ ਸੀ
ਬੇ-ਰਹਿਮ, ਘੋੜੇ ਨੂੰ ਇਕ ਜੱਲਾਦ ਵਾਂਗ
ਉੱਚੀ-ਉੱਚੀ ਤੇਜ਼ ਛਾਂਟੇ ਲਾ ਰਿਹਾ ਸੀ
ਦੂਰ ਉੱਚੀ ਚੁਗ਼ਲ ਇਕ ਚਿਚਲਾ ਰਿਹਾ ਸੀ
ਸਾਰਾ ਰਾਹ ਓਸ ਚੁਗ਼ਲ ਦੀ ਆਵਾਜ਼ ਨਾਲ
ਲੱਗਿਆ ਕਿ ਨੀਂਦ ਵਿਚ ਬਰੜਾ ਰਿਹਾ ਸੀ
ਸਾਰਾ ਯੱਕਾ ਹੁਣ ਕਿਸੇ ਤਾਜ਼ਾ ਮਰੇ
ਜਾਨਵਰ ਦਾ ਕਰੰਗ ਨਜ਼ਰੀਂ ਆ ਰਿਹਾ ਸੀ
ਦੂਰ ਲਹਿੰਦੇ ਦੀ ਖ਼ੁਸ਼ਕ ਟਾਹਣੀ ਨੂੰ ਹੁਣ

ਤਾਰਿਆਂ ਦਾ ਘੁਣ ਜਿਹਾ ਬਸ ਖਾ ਰਿਹਾ ਸੀ
ਦੀਵਿਆਂ ਦੀ ਲੋ 'ਚ ਹੁਣ ਮੇਰਾ ਗਰਾਂ
ਦੂਰੋਂ ਕਬਰਸਤਾਨ ਨਜ਼ਰੀਂ ਆ ਰਿਹਾ ਸੀ
ਦਿਲ ਮੇਰਾ ਉੱਡਦੇ ਫਰਾਰੇ ਵਾਕਣਾਂ
ਹਰ ਘੜੀ ਪਿੱਛੇ ਨੂੰ ਟੁਰਿਆ ਜਾ ਰਿਹਾ ਸੀ
ਯੱਕੇ ਵਾਲਾ ਖ਼ੌਰੇ ਕੀ ਕੁਰਲਾ ਰਿਹਾ ਸੀ
ਬੇ-ਰਹਿਮ, ਘੋੜੇ ਨੂੰ ਇਕ ਜੱਲਾਦ ਵਾਂਗ
ਉੱਚੀ-ਉੱਚੀ ਤੇਜ਼ ਛਾਂਟੇ ਲਾ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ
ਯੱਕਾ ਟੁਰਿਆ ਜਾ ਰਿਹਾ ਸੀ ।

ਸਿਕਲੀਗਰ

ਮੈਂ ਸਿਕਲੀਗਰ, ਹਾਂ ਸਿਕਲੀਗਰ
ਨਾ ਕੋਈ ਮੇਰਾ ਦੇਸ਼, ਨਾ ਨਗਰ
ਨਾ ਕੋਈ ਮੇਰਾ ਘਰ
ਮੈਂ ਸਿਕਲੀਗਰ, ਹਾਂ ਸਿਕਲੀਗਰ ।

ਜ਼ਿੰਦਗਾਨੀ ਦੇ ਖ਼ਾਬਾਂ ਦੀ ਗੱਡ
ਲੈ ਕੇ ਸ਼ਹਿਰ ਸ਼ਹਿਰ ਮੈਂ ਫਿਰਿਆ
ਪੇਟ ਦੀ ਅੱਗ ਬੁਝਾਵਣ ਜੋਗਾ
ਪਰ ਕੋਈ ਰੁਜ਼ਗਾਰ ਨਾ ਮਿਲਿਆ
ਸਮੇਂ ਦੇ ਪਿੰਡ ਦੀਆਂ 'ਪੈੜਾਂ ਤੇ
ਹੌਲੀ ਹੌਲੀ ਰਿਹਾ ਮੈਂ ਟੁਰਿਆ
ਪਰ ਫ਼ਿਕਰਾਂ ਦਾ ਰੰਗ ਨਾ ਖੁਰਿਆ
ਹੁਣ ਮੈਥੋਂ ਨਹੀਂ ਜਾਂਦਾ ਟੁਰਿਆ
ਨਾ ਹੀ ਪਿੱਛੇ ਜਾਂਦੈ ਮੁੜਿਆ
ਹੁਣ ਤਕ ਸ਼ਾਇਦ ਬੁੱਢੀ ਠੇਰੀ
ਮੇਰੀ ਅੰਮਾਂ ਗਈ ਹੋਸੀ ਮਰ

ਲੱਭ ਲਿਆ ਹੋਸੀ ਮੇਰੇ ਪਿਉ ਨੇ
ਆਪਣੀ ਧੀ ਲਈ ਯੋਗ ਕੋਈ ਵਰ
ਹੁਣ ਨਹੀਂ ਮੈਨੂੰ ਕੋਈ ਵੀ ਡਰ
ਹੇ ਮੇਰੀ ਸਜਣੀ ਚਿੰਤਾ ਨਾ ਕਰ
ਕੀਹ ਹੋਇਆ ਜੇ ਹਾਂ ਸਿਕਲੀਗਰ ।

ਕੀਹ ਹੋਇਆ ਜੇ ਭੁੱਲ ਚੁੱਕਾ ਹੈ
ਮੈਨੂੰ ਮੇਰਾ ਕੁੱਲ ਕਬੀਲਾ ?
ਲੱਖ ਪਹਾੜਾਂ ਤੋਂ ਭਾਰਾ ਹੈ
ਜ਼ਿੰਦਗਾਨੀ ਦਾ ਸਾਵਾ ਤੀਲਾ
ਇਸ ਤੋਂ ਵੀ ਵੱਧ ਭਾਰਾ ਹੁੰਦੈ
ਜਿਊਣ ਲਈ ਰੁਜ਼ਗਾਰ ਵਸੀਲਾ
ਕੀਹ ਹੋਇਆ ਜੇ ਰੋਟੀ ਖ਼ਾਤਰ
ਮੇਰੇ ਲਈ ਨੇ ਸੱਭੇ ਗਏ ਮਰ
ਮੈਂ ਜ਼ਿੰਦਗਾਨੀ ਨੂੰ ਬਿਲਵਾ ਵਾਕਣ
ਲਾਸ਼ ਕਿਸੇ ਦਾ ਮੋਢਾ ਫੜ ਕੇ
ਜਾਣਾ ਹੈ ਤਰ ।ਜਾਣਾ ਹੈ ਤਰ ।
ਹੇ ਮੇਰੀ ਸਜਣੀ ਚਿੰਤਾ ਨਾ ਕਰ
ਕੀਹ ਹੋਇਆ ਜੇ ਹਾਂ ਸਿਕਲੀਗਰ ।

ਹੇ ਮੇਰੀ ਸਜਣੀ , ਵੇਖ ਕਿ ਤੇਰੀ
ਦੌਣੀ ਵਰਗਾ ਲਹਿੰਦੇ ਵੱਲੇ
ਕੀਕਣ ਥੋਹਰਾਂ ਦੇ ਫੁੱਲ ਜੇਹਾ
ਪੀਲਾ ਸੂਰਜ ਡੁੱਬ ਰਿਹਾ ਹੈ
ਜੀਕਣ ਸਿਵਾ ਮੇਰੀ ਅੰਮਾਂ ਦਾ
ਤਾਜ਼ਾ ਬਲ ਕੇ ਬੁਝ ਰਿਹਾ ਹੈ
ਬਿਲਕੁਲ ਤੇਰੀ ਸਾੜ੍ਹੀ ਵਰਗਾ
ਰੰਗ ਫ਼ਿਜ਼ਾ ਵਿਚ ਉੱਡ ਰਿਹਾ ਹੈ
ਸਜਣੀ ਆਖ਼ਿਰ ਇਸ਼ਕ ਅਸਾਡਾ
ਵਾਹਵਾ ਹੀ ਤਾਂ ਪੁਗ ਰਿਹਾ ਹੈ ।

ਮੇਰੇ ਵਿਹੜੇ ਚਾਂਦੀ ਦਾ
ਇਕ ਬੂਟਾ ਆਖ਼ਿਰ ਉੱਗ ਰਿਹਾ ਹੈ
ਕੀਹ ਹੋਇਆ ਜੇ ਜਿੰਦ ਮੇਰੀ ਦਾ
ਪੀਲਾ ਸੂਰਜ ਡੁੱਬ ਰਿਹਾ ਹੈ ?
ਆਖ਼ਿਰ ਇਕ ਦਿਨ, ਸੁੱਕ ਹੀ ਜਾਂਦੈ
ਹਰ ਜ਼ਿੰਦਗੀ ਦਾ, ਹਰ ਡੂੰਘਾ ਸਰ
ਆਖ਼ਿਰ ਬੱਦਲ ਉੱਡ ਹੀ ਜਾਂਦੈ
ਇਕ ਪਲ, ਦੋ ਪਲ ਜਾਂ ਦੋ ਦਿਨ ਵਰ੍ਹ
ਕੀਹ ਭੈੜਾ ਹੈ
ਇਸ਼ਕ ਜੇ ਮੇਰਾ
ਤੇਰੇ ਤੋਂ ਰੁਜ਼ਗਾਰ ਦਾ ਰਾਹ ਹੈ ?
ਪਰ ਮੇਰਾ ਸੌਖਾ ਤਾਂ ਸਾਹ ਹੈ
ਤੈਨੂੰ ਵੀ ਕੁਝ ਮੇਰਾ ਲਾਹ ਹੈ ?
ਹੇ ਮੇਰੀ ਸਜਣੀ ਚਿੰਤਾ ਨਾ ਕਰ
ਕੀਹ ਹੋਇਆ ਜੇ ਹਾਂ ਸਿਕਲੀਗਰ ।

ਹੇ ਮੇਰੀ ਸਜਣੀ, ਤੂੰ ਸਮਝੇਂਗੀ
ਮੈਂ ਮਧ ਪੀ ਕੇ ਬੋਲੀ ਜਾਂਦਾਂ
ਕਾਮ-ਮੱਤਿਆ ਵਣ ਦੀ ਛਾਂ ਜਿਹੇ
ਤੇਰੇ ਵਾਲ ਵਰੋਲੀ ਜਾਂਦਾਂ
ਕੱਚੀਆਂ ਰੱਤੀਆਂ ਜਿਹੇ ਬੁੱਲ੍ਹ ਸੂਹੇ
ਆਪਣੇ ਸਾਹ ਵਿਚ ਘੋਲੀ ਜਾਂਦਾਂ
ਹੋ ਸਕਦਾ ਹੈ, ਤਿਲ ਮਾਤ੍ਰ
ਕੋਈ ਇਸ ਗੱਲ ਵਿਚ ਸੱਚਾਈ ਹੋਵੇ
ਰੋਜ਼ ਦੇ ਕੋਹਲੂ ਗੇੜੇ ਵਾਕਣ
ਅੱਜ ਵੀ ਮਨ ਵਿਚ ਆਈ ਹੋਵੇ
ਜਿਸਮ ਤੇਰੇ ਦੀ ਭਿੰਨੀ ਖ਼ੁਸ਼ਬੋ
ਅੱਜ ਵੀ ਮੈਨੂੰ ਭਾਈ ਹੋਵੇ
ਫਿਰ ਵੀ ਹੋਸ਼ ਹੈ ਜਿਥੋਂ ਤੀਕਣ
ਅੱਜ ਮੇਰਾ ਅੰਗ ਅੰਗ ਪਿਆ ਠਰਦੈ

ਅੱਜ ਤੇਰੇ ਪਰਮੇਸ਼ਰ ਕੋਲੋਂ
ਪਾਪੀ ਪੇਟ ਪਿਆ ਬਹੁੰ ਡਰਦੈ
ਅੱਜ ਮੈਂ ਈਕਣ ਸੋਚ ਰਿਹਾ ਹਾਂ
ਜਿਉਂ ਜ਼ਿੰਦਗਾਨੀ ਦੇ ਥੇਹਾਂ ਤੇ
ਆਪਣੇ ਗ਼ਮ ਦਾ ਲੋਹਾ ਕੁੱਟਦੇ
ਕਾਲੇ ਲਹੂ ਨੂੰ ਥੁੱਕਦੇ ਥੁੱਕਦੇ
ਆਪਣੀ ਬੁੱਢੀ ਅੰਮਾਂ ਵਾਜਣ
ਮੈਂ ਵੀ ਛੇਤੀ ਜਾਣਾ ਹੈ ਮਰ
ਮੇਰੇ ਲਈ ਨੇ ਬੰਦ ਹੋ ਜਾਣੇ
ਤੇਰੀ ਰਹਿਮਤ ਦੇ ਵੀ ਦਰ
ਪਰ ਤੂੰ ਸਜਣੀ ਚਿੰਤਾ ਨਾ ਕਰ
ਹੰਸ ਹਾਂ, ਖੰਭਾਂ ਵਿਚ ਸਾਹਸ ਹੈ
ਲੱਭ ਹੀ ਲਾਂ 'ਗਾ ਹਰ(ਹੋਰ) ਕੋਈ ਸਰ
ਕੀ ਹੋਇਆ ਜੇ ਦੇਸ਼ ਨਾ ਨਗਰ
ਨਾ ਕੋਈ ਮੇਰਾ ਘਰ ।
ਕੀ ਹੋਇਆ ਜੇ ਹਾਂ ਸਿਕਲੀਗਰ ।

ਹਮਦਰਦ

ਮੇਰੇ ਹਮਦਰਦ !
ਤੇਰਾ ਖ਼ਤ ਮਿਲਿਆ
ਤੇਰੇ ਜਜ਼ਬਾਤ ਦੀ ਇਕ ਮਹਿਕ ਦਾ
ਇਹ ਗੁੰਚਾ
ਮੇਰੇ ਅਹਿਸਾਸ ਦੇ ਹੋਠਾਂ 'ਤੇ
ਇਵੇਂ ਖਿੜਿਆ
ਬਾਜ਼ਾਰੀ ਜਿਵੇਂ
ਸੋਹਣੀ ਕਿਸੇ ਨਾਰ ਦਾ ਚੁੰਮਣ
ਪ੍ਰਿਥਮ ਵਾਰ
ਕਿਸੇ ਕਾਮੀ ਨੂੰ ਹੋਏ ਜੁੜਿਆ

ਮੇਰੇ ਹਮਦਰਦ
ਤੇਰਾ ਖ਼ਤ ਮਿਲਿਆ ।

ਮੇਰੇ ਹਮਦਰਦ
ਹਮਦਰਦੀ ਤੇਰੀ ਸਿਰ-ਮੱਥੇ
ਫਿਰ ਵੀ
ਹਮਦਰਦੀ ਤੋਂ ਮੈਨੂੰ ਡਰ ਲੱਗਦੈ
'ਹਮਦਰਦੀ'
ਪੋਸ਼ਾਕ ਹੈ ਕਿਸੇ ਹੀਣੇ ਦੀ
'ਹੀਣਾ'
ਸਭ ਤੋਂ ਵੱਡਾ ਮਿਹਣਾ ਜੱਗ 'ਤੇ
ਜਿਹੜੇ ਹੱਥਾਂ ਥੀਂ ਉਲੀਕੇ ਨੇ
ਤੂੰ ਇਹ ਅੱਖਰ
ਉਨ੍ਹਾਂ ਹੱਥਾਂ ਨੂੰ ਮੇਰਾ ਸੌ ਸੌ ਚੁੰਮਣ
ਮੈਂ ਨਹੀਂ ਚਾਹੁੰਦਾ
ਤੇਰੇ ਹੋਠਾਂ ਦੇ ਗੁਲਾਬ
ਆਤਸ਼ੀ-ਸੂਹੇ
ਬੜੇ ਸ਼ੋਖ਼ ਤੇ ਤੇਜ਼ਾਬੀ ਨੇ ਜੋ
ਮੇਰੇ ਸਾਹਾਂ ਦੀ ਬਦਬੂ 'ਚ
ਸਦਾ ਲਈ ਗੁੰਮਣ
ਮੈਂ ਜਾਣਦਾਂ
ਤੇਰੇ ਖ਼ਤ 'ਚ
ਤੇਰੇ ਜਿਸਮ ਦੀ ਖ਼ੁਸ਼ਬੋ ਹੈ
ਇਕ ਸੇਕ ਹੈ, ਇਕ ਰੰਗ ਹੈ
ਹਮਦਰਦੀ ਦੀ ਛੋਹ ਹੈ
ਹਮਦਰਦੀ ਮੇਰੀ ਨਜ਼ਰ 'ਚ
ਪਰ ਕੀਹ ਆਖਾਂ ?
ਬੇ-ਹਿੱਸ ਜਿਹੇ ਕਾਮ ਦੇ
ਪੈਂਡੇ ਦਾ ਹੀ ਕੋਹ ਹੈ ?
ਮੈਂ ਜਾਣਦਾਂ

ਮੈਂ ਜਾਣਦਾਂ, ਹਮਦਰਦ ਮੇਰੇ
ਜ਼ਿੰਦਗੀ ਮੇਰੀ
ਮੇਰੀ ਤਾਂ ਮਤੱਈ ਮਾਂ ਹੈ
ਫਿਰ ਵੀ ਹੈ ਪਿਆਰੀ ਬੜੀ
ਇਹਦੀ ਮਿੱਠੀ ਛਾਂ ਹੈ ।

ਕੀਹ ਗ਼ਮ ਜੇ ਭਲਾ
ਲੰਮੇ ਤੇ ਇਸ ਚੌੜੇ ਜਹਾਂ ਵਿਚ
ਇਕ ਜ਼ਰਾ ਵੀ ਨਾ ਐਸਾ
ਕਿ ਜਿਹਨੂੰ ਆਪਣਾ ਹੀ ਕਹਿ ਲਾਂ
ਕੀਹ ਗ਼ਮ
ਜੇ ਨਸੀਬੇ ਨਾ
ਪੰਛੀ ਦਾ ਵੀ ਪਰਛਾਵਾਂ
ਇਸ ਉਮਰਾ ਦੇ ਸਹਿਰਾ 'ਚ
ਜਿਦ੍ਹੀ ਛਾਵੇਂ ਹੀ ਬਹਿ ਲਾਂ ।

ਤੇਰੇ ਕਹਿਣ ਮੁਤਾਬਕ
ਜੇ ਤੇਰਾ ਸਾਥ ਮਿਲੇ ਮੈਨੂੰ
ਕੀਹ ਪਤਾ ਫਿਰ ਵੀ ਨਾ
ਦੁਨੀਆਂ 'ਚ ਮੁਬਾਰਕ ਥੀਵਾਂ
ਮੇਰੇ ਹਮਦਰਦ
ਹਮਦਰਦੀ ਤੇਰੀ ਸਿਰ ਮੱਥੇ
ਮੈਂ ਤਾਂ ਚਾਹੁੰਦਾ ਹਾਂ
ਜ਼ਿੰਦਗੀ ਦਾ ਜ਼ਹਿਰ
ਕੱਲਾ ਹੀ ਪੀਵਾਂ
ਮੇਰੇ ਹਮਦਰਦ !
ਤੇਰਾ ਖ਼ਤ ਮਿਲਿਆ ।
ਮੇਰੇ ਹਮਦਰਦ
ਤੇਰਾ ਖ਼ਤ ਮਿਲਿਆ ।

ਸ਼ਿਕਰਾ

ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ 'ਤੇ ਕਲਗੀ
ਤੇ ਉਹਦੇ ਪੈਰੀਂ ਝਾਂਜਰ
ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ ।

ਇਕ ਉਹਦੇ ਰੂਪ ਦੀ
ਧੁੱਪ ਤਿਖੇਰੀ
ਦੂਜਾ ਮਹਿਕਾਂ ਦਾ ਤਿਰਹਾਇਆ
ਤੀਜਾ ਉਹਦਾ ਰੰਗ ਗੁਲਾਬੀ
ਕਿਸੇ ਗੋਰੀ ਮਾਂ ਦਾ ਜਾਇਆ
ਨੀ ਮੈਂ ਵਾਰੀ ਜਾਂ ।

ਨੈਣੀਂ ਉਹਦੇ
ਚੇਤ ਦੀ ਆਥਣ
ਅਤੇ ਜ਼ੁਲਫ਼ੀਂ ਸਾਵਣ ਛਾਇਆ
ਹੋਠਾਂ ਦੇ ਵਿਚ ਕੱਤੇਂ ਦਾ
ਕੋਈ ਦਿਹੁੰ ਚੜ੍ਹਨੇ 'ਤੇ ਆਇਆ
ਨੀ ਮੈਂ ਵਾਰੀ ਜਾਂ ।

ਸਾਹਵਾਂ ਦੇ ਵਿਚ
ਫੁੱਲ ਸੋਇਆਂ ਦੇ
ਕਿਸੇ ਬਾਗ਼ ਚਾਨਣ ਦਾ ਲਾਇਆ
ਦੇਹੀ ਦੇ ਵਿਚ ਖੇਡੇ ਚੇਤਰ
ਇਤਰਾਂ ਨਾਲ ਨੁਹਾਇਆ
ਨੀ ਮੈਂ ਵਾਰੀ ਜਾਂ ।

ਬੋਲਾਂ ਦੇ ਵਿਚ
ਪੌਣ ਪੁਰੇ ਦੀ
ਨੀ ਉਹ ਕੋਇਲਾਂ ਦਾ ਹਮਸਾਇਆ
ਚਿੱਟੇ ਦੰਦ ਜਿਉਂ ਧਾਨੋਂ ਬਗ਼ਲਾ
ਤੌੜੀ ਮਾਰ ਉਡਾਇਆ
ਨੀ ਮੈਂ ਵਾਰੀ ਜਾਂ।

ਇਸ਼ਕੇ ਦਾ
ਇਕ ਪਲੰਘ ਨੁਆਰੀ
ਅਸਾਂ ਚਾਨਣੀਆਂ ਵਿਚ ਡਾਹਿਆ
ਤਨ ਦੀ ਚਾਦਰ ਹੋ ਗਈ ਮੈਲੀ
ਉਸ ਪੈਰ ਜਾਂ ਪਲੰਘੇ ਪਾਇਆ
ਨੀ ਮੈਂ ਵਾਰੀ ਜਾਂ।

ਦੁਖਣ ਮੇਰੇ
ਨੈਣਾਂ ਦੇ ਕੋਏ
ਵਿਚ ਹੜ੍ਹ ਹੰਝੂਆਂ ਦਾ ਆਇਆ
ਸਾਰੀ ਰਾਤ ਗਈ ਵਿਚ ਸੋਚਾਂ
ਉਸ ਇਹ ਕੀ ਜ਼ੁਲਮ ਕਮਾਇਆ
ਨੀ ਮੈਂ ਵਾਰੀ ਜਾਂ।

ਸੁਬ੍ਹਾ-ਸਵੇਰੇ
ਲੈ ਨੀ ਵਟਣਾ
ਅਸਾਂ ਮਲ ਮਲ ਓਸ ਨੁਹਾਇਆ
ਦੇਹੀ ਵਿਚੋਂ ਨਿਕਲਣ ਚਿਣਗਾਂ
ਤੇ ਸਾਡਾ ਹੱਥ ਗਿਆ ਕੁਮਲਾਇਆ
ਨੀ ਮੈਂ ਵਾਰੀ ਜਾਂ।

ਚੂਰੀ ਕੁੱਟਾਂ
ਤੇ ਉਹ ਖਾਂਦਾ ਨਾਹੀਂ
ਉਹਨੂੰ ਦਿਲ ਦਾ ਮਾਸ ਖਵਾਇਆ

ਇਕ ਉਡਾਰੀ ਐਸੀ ਮਾਰੀ
ਉਹ ਮੁੜ ਵਤਨੀਂ ਨਹੀਂ ਆਇਆ
ਨੀ ਮੈਂ ਵਾਰੀ ਜਾਂ ।

ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ 'ਤੇ ਕਲਗੀ
ਤੇ ਉਹਦੇ ਪੈਰੀਂ ਝਾਂਜਰ
ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ ।

ਇਕ ਸ਼ਾਮ

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਮੈਨੂੰ ਮੇਰੇ ਵਾਂਗ ਹੀ
ਮਾਯੂਸ ਨਜ਼ਰ ਆਈ ਹੈ
ਦਿਲ 'ਤੇ ਲੈ ਘਟੀਆ ਜਹੇ
ਹੋਣ ਦਾ ਅਹਿਸਾਸ
ਕਾਹਵਾ-ਖਾਨੇ 'ਚ ਮੇਰੇ ਨਾਲ
ਚਲੀ ਆਈ ਹੈ ।

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਮੈਨੂੰ ਮੇਰੇ ਵਾਂਗ ਹੀ
ਮਾਯੂਸ ਨਜ਼ਰ ਆਈ ਹੈ ।

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਮੈਨੂੰ ਇਕ ਡੈਣ

ਨਜ਼ਰ ਆਈ ਹੈ
ਜੋ ਮੇਰੀ ਸੋਚ ਦੇ
ਸਿਵਿਆਂ 'ਚ ਕਈ ਵਾਰ
ਮੈਨੂੰ ਨੰਗੀ ਅਲਫ਼
ਘੁੰਮਦੀ ਨਜ਼ਰ ਆਈ ਹੈ
ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਕਾਹਵਾ-ਖਾਨੇ 'ਚ ਮੇਰੇ ਨਾਲ
ਚਲੀ ਆਈ ਹੈ ।

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਪਾਲਤੂ ਸੱਪ ਕੋਈ
ਮੈਨੂੰ ਨਜ਼ਰ ਆਈ ਹੈ
ਜੋ ਇਸ ਸ਼ਹਿਰ-ਸਪੇਰੇ ਦੀ
ਹੁਸੀਂ ਕੈਦ 'ਚੋਂ ਛੁੱਟ ਕੇ
ਮਾਰ ਕੇ ਡੰਗ, ਕਲੇਜੇ 'ਤੇ
ਹੁਣੇ ਆਈ ਹੈ
ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਕਾਹਵਾ-ਖਾਨੇ 'ਚ ਮੇਰੇ ਨਾਲ
ਚਲੀ ਆਈ ਹੈ ।

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਮੈਨੂੰ ਲੰਮੂਬੇ ਦੀ
ਨਾਰ ਨਜ਼ਰ ਆਈ ਹੈ
ਜਿਦ੍ਹੀ ਮਾਂਗ 'ਚੋਂ ਜ਼ਰਦਾਰੀ ਨੇ
ਹਾਏ, ਪੂੰਝ ਕੇ ਸੰਧੂਰ
ਅਫ਼ਰੀਕਾ ਦੀ ਦਹਿਲੀਜ਼ 'ਤੇ

ਕਰ ਵਿਧਵਾ ਬਿਠਾਈ ਹੈ
ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਕਾਹਵਾ-ਖਾਨੇ 'ਚ ਮੇਰੇ ਨਾਲ
ਚਲੀ ਆਈ ਹੈ ।

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਐਸੀ ਮਨਹੂਸ
ਤੇ ਬਦਸ਼ਕਲ ਸ਼ਹਿਰ ਆਈ ਹੈ
ਜਿਹੜੇ ਸ਼ਹਿਰ 'ਚ
ਇਸ ਦੁੱਧ ਮਿਲੇ ਕਾਹਵੇ ਦੇ ਰੰਗ ਦੀ
ਮਾਸੂਮ ਗੁਨਾਹ ਵਰਗੀ
ਮੁਹੱਬਤ ਮੈਂ ਗਵਾਈ ਹੈ ।

ਅੱਜ ਦੀ ਸ਼ਾਮ
ਇਹ ਗੋਲੇ ਕਬੂਤਰ ਰੰਗੀ
ਮੈਨੂੰ ਮੇਰੇ ਵਾਂਗ ਹੀ
ਮਾਯੂਸ ਨਜ਼ਰ ਆਈ ਹੈ
ਦਿਲ 'ਤੇ ਲੈ ਘਟੀਆ ਜਿਹੇ
ਹੋਣ ਦਾ ਅਹਿਸਾਸ
ਕਾਹਵਾ-ਖਾਨੇ 'ਚ ਮੇਰੇ ਨਾਲ
ਚਲੀ ਆਈ ਹੈ ।

ਬਿਰਹਾ

ਮੈਥੋਂ ਮੇਰਾ ਬਿਰਹਾ ਵੱਡਾ
ਮੈਂ ਨਿੱਤ ਕੂਕ ਰਿਹਾ
ਮੇਰੀ ਝੋਲੀ ਇਕੋ ਹੌਕਾ
ਇਹਦੀ ਝੋਲ ਅਥਾਹ ।

ਬਾਲ-ਵਰੇਸੇ ਇਸ਼ਕ ਗਵਾਚਾ
ਜ਼ਖ਼ਮੀ ਹੋ ਗਏ ਸਾਹ
ਮੇਰੇ ਹੋਠਾਂ ਵੇਖ ਲਈ
ਚੁੰਮਣਾਂ ਦੀ ਜੂਨ ਹੰਢਾ ।

ਜੋ ਚੁੰਮਣ ਮੇਰੇ ਦਰ 'ਤੇ ਖੜ੍ਹਿਆ
ਇਕ ਅੱਧ ਵਾਰੀ ਆ
ਮੁੜ ਉਹ ਭੁੱਲ ਕਦੇ ਨਾ ਲੰਘਿਆ
ਏਸ ਦਰਾਂ ਦੇ ਰਾਹ ।

ਮੈਂ ਉਹਨੂੰ ਨਿੱਤ ਉਡੀਕਣ ਬੈਠਾ
ਥੱਕਿਆ ਔਂਸੀਆਂ ਪਾ
ਮੈਨੂੰ ਉਹ ਚੁੰਮਣ ਨਾ ਬਹੁੜਿਆ
ਸੈ ਚੁੰਮਣਾਂ ਦੇ ਵਣ ਗਾਹ ।

ਉਹ ਚੁੰਮਣ ਮੇਰੇ ਹਾਣ ਦਾ
ਵਿਚ ਲੱਖ ਸੂਰਜ ਦਾ ਤਾ
ਜਿਹੜੇ ਸਾਹੀਂ ਚੇਤਰ ਖੇਡਦਾ
ਮੈਨੂੰ ਉਸ ਚੁੰਮਣ ਦਾ ਚਾ ।

ਪਰਦੇਸੀ ਚੁੰਮਣ ਮੈਂਡਿਆ
ਕਦੇ ਵਤਨੀਂ ਫੇਰਾ ਪਾ
ਕਿਤੇ ਸੁੱਚਾ ਬਿਰਹਾ ਤੈਂਡੜਾ
ਮੈਥੋਂ ਜੂਠਾ ਨਾ ਹੋ ਜਾ ।

ਬਿਰਹਾ ਵੀ ਲੋਭੀ ਕਾਮ ਦਾ
ਇਹਦੀ ਜਾਤ ਕੁਜਾਤ ਨਾ ਕਾ
ਭਾਵੇਂ ਬਿਰਹਾ ਰੱਬੋਂ ਵੱਡੜਾ
ਮੈਂ ਉੱਚੀ ਕੂਕ ਰਿਹਾ ।

ਤਿੱਥ-ਪੱਤਰ

ਇਹ ਇਕ ਬੜਾ ਪੁਰਾਣਾ
ਮੈਲਾ ਤਿੱਥ-ਪੱਤਰ
ਸਮੇਂ ਦੇ ਰੁੱਖ ਦਾ
ਪੀਲਾ ਹੋਇਆ ਇਹ ਪੱਤਰ
ਸੂਲੀ ਲੱਗੇ
ਈਸਾ ਵਾਂਗ ਹੈ ਲਟਕ ਰਿਹਾ
ਜ਼ਿਹਨ ਮੇਰੇ ਦੀ
ਵਾਦੀ ਵਿਚ ਹੈ ਭਟਕ ਰਿਹਾ ।

ਉਹ ਦਿਨ ਬਹੁੰ ਵਡਭਾਗਾ
ਜਦ ਕਿਸੇ ਸਾਗਰ ਵਿਚ
ਆਦਮ ਦੇ ਕਿਸੇ ਪਿਤਰ
ਅਮੂਬੇ(ਅਮੀਬੇ) ਜਨਮ ਲਿਆ
ਪਰ ਇਹ ਦਿਹੁੰ ਨਿਕਰਮਾ
ਜਦ ਇਸ ਆਦਮ ਦੀ
ਝੋਲੀ ਫੁੱਲ ਸਮੇਂ ਦਾ
ਹੋਸੀ ਖ਼ੈਰ ਪਿਆ
ਵੇਖ-ਵੇਖ ਤਿੱਥ-ਪੱਤਰ
ਮੈਂ ਸੋਚ ਰਿਹਾ :
ਸਮਾਂ ਅਵਾਰਾ ਕੁੱਤਾ
ਦਰ ਦਰ ਭਟਕ ਰਿਹਾ
ਜੂਠੇ ਹੱਡ ਖਾਣ ਲਈ
ਲੋਭੀ ਤਰਸ ਰਿਹਾ ।

ਸਮਾਂ ਪਰਾਈ ਨਾਰ
ਤੇ ਜਾਂ ਫਿਰ ਰੰਡੀ ਹੈ
ਪਹਿਲੀ ਰਾਤ ਹੰਢਾਇਆਂ
ਲੱਗਦੀ ਚੰਗੀ ਹੈ

ਦੂਜੀ ਰਾਤ ਬਿਤਾਇਆਂ
ਹੁੰਦੀ ਭੰਡੀ ਹੈ
ਪਰ ਇਹਦੇ ਸੰਗ
ਦੁਨੀਆਂ ਦੇ ਹਰ ਜ਼ੱਰੇ ਨੂੰ
ਇਕ ਅੱਧ ਘੜੀ
ਜ਼ਰੂਰ ਬਿਤਾਣੀ ਪੈਂਦੀ ਹੈ
ਕਦੇ ਹਰਾਮਣ ਟਿਕ ਕੇ
ਨਾ ਇਹ ਬਹਿੰਦੀ ਹੈ
ਉਮਰ ਦੀ ਬਾਰੀ
ਖੋਲ੍ਹ ਕੇ ਏਸ ਜਹਾਂ ਵੱਲੇ
ਕਾਮਨੀ ਮੈਲੀ ਨਜ਼ਰੇ
ਤੱਕਦੀ ਰਹਿੰਦੀ ਹੈ ।

ਸਮਾਂ ਕਾਲ ਦਾ ਚਿੰਨ੍ਹ
ਇਹ ਨਿੱਤ ਬਦਲਦਾ ਹੈ
ਛੂਠੇ, ਸੋਹਣੇ ਕਾਮ 'ਚ ਮੱਤੇ
ਆਸ਼ਿਕ ਵਾਂਗ
ਮਿੱਠੀਆਂ ਕਰ ਕਰ ਗੱਲਾਂ
ਸਾਨੂੰ ਛਲਦਾ ਹੈ
ਮਾਣ ਕੇ ਚੁੰਮਣ
ਇਕ ਦੋ ਏਸ ਹਯਾਤੀ ਦੇ
ਭੁੱਲ ਜਾਂਦਾ ਹੈ-
ਫੇਰ ਨਾ ਵਿਹੜੇ ਵੜਦਾ ਹੈ
ਸਮਾਂ ਕਾਲ ਦਾ ਚਿੰਨ੍ਹ
ਇਹ ਨਿੱਤ ਬਦਲਦਾ ਹੈ ।

ਇਹ ਇਕ ਬੜਾ ਪੁਰਾਣਾ
ਮੈਲਾ ਤਿੱਥ-ਪੱਤਰ
ਸਮੇਂ ਦੇ ਰੁੱਖ ਦਾ
ਪੀਲਾ ਹੋਇਆ ਇਕ ਪੱਤਰ

ਸੂਲੀ ਲੱਗੇ
ਈਸਾ ਵਾਕਣ ਲਟਕ ਰਿਹੈ
ਜ਼ਿਹਨ ਮੇਰੇ ਦੀ
ਸੁੰਞੀ ਉੱਜੜੀ ਵਾਦੀ ਵਿਚ
ਸਮੇਂ ਦੀ ਇਕ-
ਠੁਕਰਾਈ ਹੋਈ ਸੱਜਣੀ ਵਾਂਗ
ਪੀੜਾਂ-ਕੁੱਠੀ
ਬਿਰਹਣ ਵਾਕਣ ਭਟਕ ਰਿਹੈ
ਇਹ ਇਕ ਬੜਾ ਪੁਰਾਣਾ
ਮੈਲਾ ਤਿੱਥ-ਪੱਤਰ
ਇਹ ਇਕ ਬੜਾ ਪੁਰਾਣਾ
ਮੈਲਾ ਤਿੱਥ-ਪੱਤਰ ।

ਵੀਨਸ ਦਾ ਬੁੱਤ

ਇਹ ਸੱਜਣੀ ਵੀਨਸ ਦਾ ਬੁੱਤ ਹੈ
ਕਾਮ ਦੇਵਤਾ ਇਸ ਦਾ ਪੁੱਤ ਹੈ
ਮਿਸਰੀ ਅਤੇ ਯੂਨਾਨੀ ਧਰਮਾਂ ਵਿਚ
ਇਹ ਦੇਵੀ ਸਭ ਤੋਂ ਮੁੱਖ ਹੈ
ਇਹ ਸੱਜਣੀ ਵੀਨਸ ਦਾ ਬੁੱਤ ਹੈ ।
ਕਾਮ ਜੋ ਸਭ ਤੋਂ ਮਹਾਂਬਲੀ ਹੈ
ਉਸ ਦੀ ਮਾਂ ਨੂੰ ਕਹਿਣਾ ਨੰਗੀ
ਇਹ ਗੱਲ ਉੱਕੀ ਹੀ ਨਾ ਚੰਗੀ
ਤੇਰੀ ਇਸ ਨਾ-ਸਮਝੀ ਉੱਤੇ
ਸੱਚ ਪੁੱਛੇਂ ਤਾਂ ਮੈਨੂੰ ਦੁੱਖ ਹੈ
ਕਾਮ ਖੁਦਾ ਤੋਂ ਵੀ ਪ੍ਰਮੁੱਖ ਹੈ
ਏਸੇ ਦੀ ਹੈ ਬਖ਼ਸ਼ੀ ਹੋਈ
ਤੁੱਦ ਤੇ ਹੁਸਨਾਂ ਦੀ ਜੋ ਰੁੱਤ ਹੈ
ਏਸੇ ਨੇ ਹੈ ਰੂਪ ਵੰਡਣਾ-

ਖ਼ੂਨ ਮੇਰਾ ਜੋ ਤੈਂਡੀ ਕੁੱਖ ਹੈ
ਇਹ ਤਾਂ ਵੀਨਸ ਮਾਂ ਦਾ ਬੁੱਤ ਹੈ
ਖੜੀ ਆ ਮਿੱਟੀ ਦੀ ਇਹ ਬਾਜ਼ੀ
ਚਿੱਟੀ ਦੁੱਧ ਕਲੀ ਜਿਉਂ ਤਾਜ਼ੀ
ਕਾਮ ਹੁਸਨ ਦਾ ਇਕ ਸੰਗਮ ਹੈ
ਕਾਮ ਹੁਸਨ ਦੀ ਕਥਾ ਸੁਣਾਂਦਾ
ਕੋਈ ਅਲਮਸਤ ਜਿਹਾ ਜੰਗਮ ਹੈ
ਤੇਰਾ ਇਸ ਨੂੰ ਟੁੰਡੀ ਕਹਿਣਾ
ਸੱਚ ਪੁੱਛੇਂ ਤਾਂ ਮੈਨੂੰ ਗ਼ਮ ਹੈ
ਕਾਮ ਬਿਨਾਂ ਹੇ ਮੇਰੀ ਸਜਣੀ
ਕਾਹਦੇ ਅਰਥ ਜੇ ਚਲਦਾ ਦਮ ਹੈ ।

ਕਾਮ ਹੈ ਸ਼ਿਵਜੀ, ਕਾਮ ਬ੍ਰਹਮ ਹੈ
ਕਾਮ ਹੀ ਸਭ ਤੋਂ ਮਹਾਂ ਧਰਮ ਹੈ
ਕਾਮ ਤੋਂ ਵੱਡਾ ਨਾ ਕੋਈ ਸੁੱਖ ਹੈ
ਕਾਮ ਤੋਂ ਵੱਡਾ ਨਾ ਕੋਈ ਦੁੱਖ ਹੈ
ਤੇਰੀ ਇਸ ਨਾ-ਸਮਝੀ ਉੱਤੇ
ਹੇ ਮੇਰੀ ਸਜਣੀ ! ਮੈਨੂੰ ਦੁੱਖ ਹੈ
ਇਹ ਤਾਂ ਵੀਨਸ ਮਾਂ ਦਾ ਬੁੱਤ ਹੈ
ਵੇਖ ਕਿ ਬੁੱਤ ਨੂੰ ਕੀ ਹੋਇਆ ਹੈ ?
ਇਉਂ ਲਗਦਾ ਹੈ ਜਿਉਂ ਰੋਇਆ ਹੈ
ਸਾਥੋਂ ਕੋਈ ਪਾਪ ਹੋਇਆ ਹੈ

ਸਾਰੇ ਦੀਵੇ ਛੱਬ ਬੁਝਾ ਦੇ
ਇਸ ਨੂੰ ਥੋੜ੍ਹਾ ਪਰ੍ਹਾਂ ਹਟਾ ਦੇ
ਇਸ ਦੇ ਮੁੱਖ ਨੂੰ ਪਰ੍ਹਾਂ ਭੁਆ ਦੇ
ਜਾਂ ਇਸ 'ਤੇ ਕੋਈ ਪਰਦਾ ਪਾ ਦੇ
ਇਸ ਦੇ ਦਿਲ ਵਿਚ ਵੀ ਕੋਈ ਦੁੱਖ ਹੈ
ਇਸ ਨੂੰ ਹਾਲੇ ਵੀ ਕੋਈ ਭੁੱਖ ਹੈ
ਭਾਵੇਂ ਕਾਮ ਏਸ ਦਾ ਪੁੱਤ ਹੈ

ਮਿਸਰੀ ਅਤੇ ਯੂਨਾਨੀ ਧਰਮਾਂ
ਵਿਚ ਇਹ ਭਾਵੇਂ ਸਭ ਤੋਂ ਮੁੱਖ ਹੈ
ਭਾਵੇਂ ਵੀਨਸ ਮਾਂ ਦਾ ਬੁੱਤ ਹੈ
ਕਾਮ ਖੁਦਾ ਤੋਂ ਵੀ ਪ੍ਰਮੁੱਖ ਹੈ ।

ਸੀਮਾ

ਦੈਨਿਕ ਅਖ਼ਬਾਰ ਦੇ
ਅੱਜ ਪ੍ਰਥਮ ਪੰਨੇ 'ਤੇ
ਮੇਰੀ ਮਹਿਬੂਬਾ ਦੀ
ਤਸਵੀਰ ਛਪੀ ਹੈ
ਏਸ ਤਸਵੀਰ 'ਚ
ਕੁਝ ਗੋਰੇ ਬਦੇਸ਼ੀ ਬੱਚੇ
ਤੇ ਇਕ ਹੋਰ ਉਹਦੇ ਨਾਲ
ਖੜ੍ਹੀ ਉਸ ਦੀ ਸਖੀ ਹੈ ।

ਤਸਵੀਰ ਦੇ ਪੈਰੀਂ
ਇਕ ਇਬਾਰਤ ਦੀ ਹੈ ਝਾਂਜਰ
ਇਹ ਕੁੜੀ
ਪਜਿਲੀ ਪੰਜਾਬਣ ਉਹ ਕੁੜੀ
ਜਿਹੜੀ ਪਰਦੇਸ ਤੋਂ
ਸੰਗੀਤ ਦੀ ਵਿਦਿਆ ਲੈ ਕੇ
ਛੇ ਵਰ੍ਹੇ ਪਿੱਛੋਂ
ਜੋ ਅੱਜ ਦੇਸ਼ ਮੁੜੀ ਹੈ ।

ਹਾਂ ਠੀਕ ਕਿਹਾ, ਠੀਕ ਕਿਹਾ
ਇਹੋ ਉਹ ਕੁੜੀ ਹੈ
ਏਸੇ ਹੀ ਕੁੜੀ ਦੀ ਖ਼ਾਤਰ
ਮੇਰੀ ਜ਼ਿੰਦਗੀ ਥੁੜੀ ਥੁੜੀ ਹੈ
ਇਹੋ ਹੈ ਕੁੜੀ

ਜਿਸ ਨੂੰ ਕਿ ਮੇਰੇ ਗੀਤ ਨੇ ਰੋਂਦੇ
ਮਾਸੂਮ ਮੇਰੇ ਖ਼ਾਬ ਵੀ
ਅਵਾਰਾ ਨੇ ਭੌਂਦੇ।

ਇਹੋ ਹੈ ਕੁੜੀ
ਅਕਸਰ ਮੇਰੇ ਸ਼ਹਿਰ ਜਦ ਆਉਂਦੀ
ਹਰ ਵਾਰ ਜਦੋਂ ਆਉਂਦੀ
ਤਿੰਨ ਫੁੱਲ ਲਿਆਉਂਦੀ
ਗੁਲਦਾਨ 'ਚ ਤਿੰਨ ਫੁੱਲ ਜਦੋਂ
ਹੱਥੀਂ ਉਹ ਸਜਾਉਂਦੀ
ਮੁਸਕਾ ਕੇ ਤੇ ਅੰਦਾਜ਼ 'ਚ
ਕੁਝ ਏਦਾਂ ਉਹ ਕਹਿੰਦੀ
ਇਕ ਫੁੱਲ ਕੋਈ ਸਾਂਝਾ
ਤੇਰੇ ਨਾਂ ਦਾ, ਮੇਰੇ ਨਾਂ ਦਾ
ਇਹ ਫੁੱਲ ਕੋਈ ਸਾਂਝਾ
ਕਿਸੇ ਪਿਉ ਦਾ, ਕਿਸੇ ਮਾਂ ਦਾ
ਇਕ ਫੁੱਲ ਮੇਰੀ ਕੁੱਖ ਦੀ
ਸੀਮਾ ਦੇ ਹੈ ਨਾਂ ਦਾ।

ਹਾਂ ਠੀਕ ਕਿਹਾ, ਠੀਕ ਕਿਹਾ
ਇਹੋ ਉਹ ਕੁੜੀ
ਪਜਿਲੀ ਪੰਜਾਬਣ ਉਹ ਕੁੜੀ ਹੈ
ਜਿਹੜੀ ਪ੍ਰਦੇਸ ਤੋਂ
ਸੰਗੀਤ ਦੀ ਵਿਦਿਆ ਲੈ ਕੇ
ਛੇ ਵਰ੍ਹੇ ਪਿੱਛੋਂ
ਜੋ ਅੱਜ ਦੇਸ਼ ਮੁੜੀ ਹੈ
ਏਸ ਤਸਵੀਰ 'ਚ
ਇਕ ਗੋਰੀ ਜਿਹੀ ਨਿੱਕੀ ਬੱਚੀ
ਮੇਰੀ ਮਹਿਬੂਬਾ ਦੀ
ਜਿਸ ਚੀਚੀ ਹੈ ਪਕੜ ਰੱਖੀ

ਉਸ ਦੀ ਸ਼ਕਲ
ਮੇਰੇ ਜ਼ਿਹਨ 'ਚ ਹੈ ਆ ਲੱਥੀ
ਈਕਣ ਲੱਗਦਾ ਹੈ :
ਇਹ ਮੇਰੀ ਆਪਣੀ ਧੀ ਹੈ
ਮੇਰਾ ਤੇ ਮੇਰੀ ਬੇਲਣ ਦੇ
ਬਿਮਾਰ ਲਹੂ ਦਾ
ਏਸ ਧਰਤੀ 'ਤੇ ਬਿਜਾਇਆ
ਕੋਈ ਸਾਂਝਾ ਬੀਅ ਹੈ
ਮੇਰੀ ਪੀੜਾ ਦੀ ਮਰੀਅਮ ਦੇ
ਖ਼ਾਬਾਂ ਦਾ ਮਸੀਹ ਹੈ ।
ਮੁੱਦਤ ਤੋਂ ਜਿਦ੍ਹੀ ਖ਼ਾਤਰ
ਬੇਚੈਨ ਮੇਰਾ ਜੀ ਹੈ
ਓਹੋ ਹੀ ਸੀਮਾ ਧੀ ਹੈ
ਕੋਈ ਹੋਰ ਇਹਦਾ ਪਿਉ ਹੈ

ਹਾਂ ਠੀਕ ਕਿਹਾ, ਠੀਕ ਕਿਹਾ
ਇਹੋ ਉਹ ਕੁੜੀ
ਪਜਿਲੀ ਪੰਜਾਬਣ ਉਹ ਕੁੜੀ ਹੈ
ਜਿਹੜੀ ਪਰਦੇਸ ਤੋਂ
ਸੰਗੀਤ ਦੀ ਵਿਦਿਆ ਲੈ ਕੇ
ਛੇ ਵਰ੍ਹੇ ਪਿੱਛੋਂ
ਜੋ ਅੱਜ ਦੇਸ਼ ਮੁੜੀ ਹੈ ।

ਅਜਨਬੀ

ਅਜੇ ਤਾਂ ਮੈਂ ਹਾਂ ਅਜਨਬੀ ।
ਅਜੇ ਤਾਂ ਤੂੰ ਹੈਂ ਅਜਨਬੀ ।
ਤੇ ਸ਼ਾਇਦ ਅਜਨਬੀ ਰਹਾਂਗੇ
ਇਕ ਸਦੀ ਜਾਂ ਦੋ ਸਦੀ

ਨਾ ਤੇ ਤੂੰ ਹੀ ਔਲੀਆ ਹੈਂ
ਨਾ ਤੇ ਮੈਂ ਹੀ ਹਾਂ ਨਬੀ
ਇਹ ਆਸ ਹੈ, ਉਮੀਦ ਹੈ
ਕਿ ਮਿਲ ਪਵਾਂਗੇ ਪਰ ਕਦੀ
ਅਜੇ ਤਾਂ ਮੈਂ ਹਾਂ ਅਜਨਬੀ
ਅਜੇ ਤਾਂ ਤੂੰ ਹੈਂ ਅਜਨਬੀ ।

ਮੇਰੇ ਲਈ ਇਹ ਰਸ-ਭਰੀ
ਤੇਰੀ ਮਲੂਕ ਮੁਸਕੜੀ
ਕਿਸੇ ਵਿਮਾਨ ਸੇਵਕਾ
ਦੀ ਮੁਸਕੜੀ ਦੇ ਵਾਂਗ ਹੈ
ਅਜੇ ਵੀ ਜਿਸ 'ਚ ਜਾਣਦਾਂ
ਕਿ ਵਾਸ਼ਨਾ ਦੀ ਕਾਂਗ ਹੈ
ਮੈਂ ਜਾਣਦਾਂ, ਮੈਂ ਜਾਣਦਾਂ
ਮੇਰੇ ਲਈ ਤੇਰੀ ਵਫ਼ਾ
ਅਜੇ ਵੀ ਇਕ ਸਵਾਂਗ ਹੈ
ਮੇਰੇ ਨਸ਼ੀਲੇ ਜਿਸਮ ਦੀ
ਅਜੇ ਵੀ ਤੈਨੂੰ ਮਾਂਗ ਹੈ
ਜਿਹੜਾ ਕਿ ਤੇਰੀ ਨਜ਼ਰ ਵਿਚ
ਫਿਲਮੀ ਰਸਾਲੇ ਵਾਂਗ ਹੈ
ਸਫ਼ਾ ਸਫ਼ਾ ਫਰੋਲਣਾ
ਜਿਦ੍ਹਾ ਹੈ ਤੇਰੀ ਦਿਲ ਲਗੀ
ਸਮੇਂ ਨੂੰ ਸੰਨ੍ਹ ਮਾਰ ਕੇ
ਜੇ ਮਿਲ ਜਾਏ ਘੜੀ ਕਦੀ
ਕਾਮ ਦਾ ਹਾਂ ਮੈਂ ਸਗਾ
ਤੇ ਕਾਮ ਦੀ ਹੈਂ ਤੂੰ ਸਗੀ
ਅਜੇ ਤਾਂ ਮੈਂ ਹਾਂ ਅਜਨਬੀ
ਅਜੇ ਤਾਂ ਤੂੰ ਹੈਂ ਅਜਨਬੀ ।

ਅਜੇ ਤਾਂ ਸਾਡਾ ਇਸ਼ਕ

ਓਸ ਮੱਕੜੀ ਦੇ ਵਾਂਗ ਹੈ
ਕਾਮ ਦੇ ਸੁਆਦ ਪਿੱਛੋਂ
ਹੋ ਜਾਏ ਜੋ ਹਾਮਿਲਾ
ਤੇ ਮੱਕੜੇ ਨੂੰ ਮਾਰ ਕੇ
ਬਣਾ ਲਏ ਜਿਵੇਂ ਗਜ਼ਾ
ਤੇ ਖਾਈ ਜਾਏ ਉਹ ਕਾਮਣੀ
ਕੁਲੱਛਣੀ ਸੁਆਦ ਲਾ
ਹੇ ਕਾਮਣੀ, ਹੇ ਕਾਮਣੀ ।
ਮੈਨੂੰ ਬਚਾ, ਮੈਨੂੰ ਬਚਾ
ਵਾਸਤਾ ਈ ਜੀਭ ਨੂੰ
ਇਹ ਖ਼ੂਨ ਦਾ ਨਾ ਸੁਆਦ ਪਾ
ਦੂਰ ਹੋ ਕੇ ਬਹਿ ਪਰ੍ਹਾਂ
ਨਾ ਕੋਲ ਆ, ਨਾ ਕੋਲ ਆ
ਅਜੇ ਤਾਂ ਮੈਂ ਹਾਂ ਅਜਨਬੀ
ਅਜੇ ਤਾਂ ਤੂੰ ਹੈਂ ਅਜਨਬੀ ।

ਤੇਰੇ ਗਲੇ ਥੀਂ ਚਿਮਟ ਕੇ
ਇਹ ਸੌਂ ਰਿਹਾ ਜੋ ਬਾਲ ਹੈ
ਛੁਰੀ ਹੈ ਸੰਸਕਾਰ ਦੀ
ਜੋ ਕਰ ਰਹੀ ਹਲਾਲ ਹੈ
ਇਹ ਕਹਿਣ ਨੂੰ ਤਾਂ ਠੀਕ ਹੈ ਕਿ
ਤੇਰਾ ਮੇਰਾ ਹੀ ਲਾਲ ਹੈ
ਜੇ ਸੋਚੀਏ ਤਾਂ ਸੋਹਣੀਏ
ਤੈਨੂੰ ਸਦੀਵੀ ਮਰਦ ਦੀ
ਮੈਂ ਜਾਣਦਾਂ ਕਿ ਭਾਲ ਹੈ
ਸਾਡੀ ਵਫ਼ਾ ਨੂੰ ਗਾਲ੍ਹ ਹੈ
ਜ਼ਿੰਦਗੀ ਬਿਤਾਉਣ ਦੀ
ਚੱਲੀ ਅਸਾਂ ਨੇ ਚਾਲ ਹੈ
ਮੈਨੂੰ ਸਦੀਵੀ ਨਾਰ ਦੀ
ਤੂੰ ਜਾਣਦੀ ਕਿ ਭਾਲ ਹੈ

ਹੈ ਠੀਕ ਫਿਰ ਵੀ ਵਗ ਰਹੀ
ਹੈ ਰਿਸ਼ਤਿਆਂ ਦੀ ਇਕ ਨਦੀ
ਮੁਲੰਮਿਆਂ ਦੀ ਮੈਂ ਉਪਜ
ਮੁਲੰਮਿਆਂ ਦੀ ਤੂੰ ਛਬੀ
ਨਾ ਵਫ਼ਾ ਦਾ ਮੈਂ ਸਗਾ
ਤੇ ਨਾ ਵਫ਼ਾ ਦੀ ਤੂੰ ਸਗੀ
ਅਜੇ ਤਾਂ ਮੈਂ ਹਾਂ ਅਜਨਬੀ
ਅਜੇ ਤਾਂ ਤੂੰ ਹੈਂ ਅਜਨਬੀ ।

ਹੈ ਠੀਕ ਕਿ ਤੇਰੀ ਮੇਰੀ
ਅਜੇ ਕੋਈ ਪਛਾਣ ਨਹੀਂ
ਅਜੇ ਅਸਾਨੂੰ ਆਪਣੇ ਹੀ
ਆਪ ਦੀ ਪਛਾਣ ਨਹੀਂ
ਅਜੇ ਅੰਜੀਲ ਵੇਦ ਤੇ
ਕੁਰਾਨ ਦੀ ਪਛਾਣ ਨਹੀਂ
ਗੌਰੀਆਂ ਨੂੰ ਸੋਮ ਦੀ
ਅਜੇ ਕੋਈ ਪਛਾਣ ਨਹੀਂ
ਮੰਗੋਲੀਆਂ ਦਰਾਵੜਾਂ ਨੂੰ
ਆਰੀਆਂ 'ਤੇ ਮਾਣ ਨਹੀਂ
ਅਜੇ ਤਾਂ ਦਿਲ ਨੇ ਅਜਨਬੀ
ਅਜੇ ਦਿਮਾਗ਼ ਅਜਨਬੀ
ਅਜੇ ਤਾਂ ਕੁਲ ਜਹਾਨ
ਸਾਡੇ ਵਾਕਣਾ ਹੈ ਅਜਨਬੀ
ਤੇ ਸ਼ਾਇਦ ਅਜਨਬੀ ਰਹਾਂਗੇ
ਇਕ ਸਦੀ ਜਾਂ ਦੋ ਸਦੀ
ਇਹ ਆਸ ਹੈ ਉਮੀਦ ਹੈ
ਕਿ ਮਿਲ ਪਵਾਂਗੇ ਪਰ ਕਦੀ
ਅਜੇ ਤਾਂ ਮੈਂ ਹਾਂ ਅਜਨਬੀ
ਅਜੇ ਤਾਂ ਤੂੰ ਹੈਂ ਅਜਨਬੀ ।

ਸੰਗਰਾਂਦ

ਪੋਹ ਮਹੀਨਾ
ਸਰਦ ਇਹ ਬਸਤੀ ਪਹਾੜੀ
ਯੱਖ-ਠੰਡੀ ਰਾਤ ਦੇ ਅੰਤਮ ਸਮੇਂ
ਮੇਰੇ ਲਾਗੇ
ਮੇਰੀ ਹਮਦਰਦਣ ਦੇ ਵਾਂਗ
ਸੌਂ ਰਹੀ ਹੈ
ਚਾਨਣੀ ਦੀ ਝੁੰਭ ਮਾਰੀ
ਹੂਬਹੂ ਚੀਨੇ ਕਬੂਤਰਾਂ ਵਾਕਣਾਂ
ਗੁਟਕਦੀ ਤੇ ਸੋਨ-ਖੰਭਾਂ ਨੂੰ ਖਿਲਾਰੀ ।
ਪੋਹ ਮਹੀਨਾ, ਸਰਦ ਇਹ
ਬਸਤੀ ਪਹਾੜੀ ।
ਇਹ ਮੇਰੀ ਵਾਕਫ਼
ਤੇ ਹਮਦਰਦ ਦਾ ਘਰ
ਜਿਸ 'ਚ ਅੱਜ ਦੀ ਰਾਤ
ਮੈਂ ਇਹ ਹੈ ਗੁਜ਼ਾਰੀ
ਜਿਸ ਦੀ ਸੂਰਤ
ਚੇਤ ਦੇ ਸੂਰਜ ਦੇ ਵਾਂਗ
ਨੀਮ-ਨਿੱਘੀ ਦੂਧੀਆ ਹੈ ਗੁਲਾਨਾਰੀ ।
ਪੋਹ ਦੀ ਸੰਗਰਾਂਦ ਦੇ ਪਰਭਾਤ ਵੇਲੇ
ਨਿੱਤਰੀ ਮੰਦਰ ਦੀ ਚਿਰਨਾਮਤ ਦੇ ਵਾਂਗ
ਠੰਢੀ-ਠੰਢੀ
ਸੁੱਚੀ-ਮਿੱਠੀ ਤੇ ਪਿਆਰੀ
ਸੌਂ ਰਹੀ ਹੈ ਮਹਿਕ ਹੋਠਾਂ 'ਤੇ ਖਿਲਾਰੀ ।

ਉਫ਼ !
ਕਿੰਨੀ ਹੋ ਰਹੀ ਹੈ ਬਰਫ਼-ਬਾਰੀ
ਏਸ ਬਸਤੀ ਦੀ ਠਰੀ ਹੋਈ ਬੁੱਕਲੇ

ਮਘ ਰਹੀ ਨਾ
ਕਿਤੇ ਵੀ ਕੋਈ ਅੰਗਾਰੀ
ਚੌਹੀਂ-ਪਾਸੀਂ
ਜ਼ਹਿਰ ਮੋਹਰੀ ਬਰਫ਼ ਦਾ
ਮੌਨ ਸਾਗਰ ਹੈ ਪਸਰਦਾ ਜਾ ਰਿਹਾ
ਮੇਰਾ ਦਿਲ, ਮੇਰਾ ਜਿਸਮ, ਮੇਰਾ ਜ਼ਿਹਨ
ਬਰਫ਼ ਸੰਗ ਹੈ ਬਰਫ਼ ਹੁੰਦਾ ਜਾ ਰਿਹਾ
ਦੂਰ ਕਾਲਾ
ਰੁੱਖ ਲੰਮਾ ਚੀਲ੍ਹ ਦਾ
ਸ਼ੀਸ਼ਿਆਂ ਤੋਂ ਪਾਰ ਜੋ ਉਂਘਲਾ ਰਿਹਾ
ਮੈਨੂੰ ਬਸਤੀ ਦੀ
ਬਲੌਰੀ ਪਾਤਲੀ ਵਿਚ
ਸੂਲ ਵੱਤ ਚੁਭਿਆ ਹੈ ਨਜ਼ਰੀਂ ਆ ਰਿਹਾ

ਉਫ਼ !
ਇਹ ਮੈਨੂੰ ਕੀਹ ਹੁੰਦਾ ਜਾ ਰਿਹਾ ?
ਮੇਰੇ ਖ਼ਾਬਾਂ ਦੀ ਸਰਦ ਤਾਬੀਰ ਵਿਚ
ਮੇਰੀ ਹਮਦਰਦਣ ਦਾ ਕੱਚੀ ਗਰੀ ਜੇਹਾ
ਸੁੱਤ-ਉਨੀਂਦਾ ਜਿਸਮ ਬਣਦਾ ਜਾ ਰਿਹਾ
ਹਿੱਮ-ਮਾਨਵ ਵਾਂਗ ਚਲਿਆ ਜਾ ਰਿਹਾ
ਕੌਣ ਦਰਵਾਜ਼ੇ ਨੂੰ ਹੈ ਖੜਕਾ ਰਿਹਾ ?
ਸ਼ਾਇਦ ਹਿਮ-ਮਾਨਵ ਹੈ ਟੁਰਿਆ ਆ ਰਿਹਾ
ਹੇ ਦਿਲਾ ! ਬੇ-ਹੋਸ਼ਿਆ !
ਕੁਝ ਹੋਸ਼ ਕਰ
ਨਾ ਤੇ ਕੋਈ ਆ ਤੇ ਨਾ ਹੀ ਜਾ ਰਿਹਾ
ਇਹ ਤਾਂ ਮੇਰਾ ਵਹਿਮ ਤੈਨੂੰ ਖਾ ਰਿਹਾ।
ਇਹ ਤਾਂ ਹੈ
ਇਕ ਤੇਰੀ ਹਮਦਰਦਣ ਦਾ ਘਰ
ਸੋਚ ਕਰ, ਕੁਝ ਸੋਚ ਕਰ, ਕੁਝ ਸੋਚ ਕਰ
ਉਹ ਤਾਂ ਪਹਿਲਾਂ ਹੀ

ਅਮਾਨਤ ਹੈ ਕਿਸੇ ਦੀ
ਤੂੰ ਤਾਂ ਐਵੇਂ ਪੀਣ ਗਿੱਲਾ ਪਾ ਰਿਹਾ
ਰੇਸ਼ਮੀ ਜਹੇ ਵਗ ਰਹੇ ਉਹਦੇ ਸਵਾਸ ਤੇ
ਨਜ਼ਰ ਮੈਲੀ ਕਿਸ ਲਈ ਹੈਂ ਪਾ ਰਿਹਾ ?
ਉਹ ਤਾਂ ਮੰਦਰ ਦੀ ਸੁੱਚੀ ਪੌਣ ਵਰਗਾ
ਸੁਆਦ ਤੁਲਸੀ ਦਾ
ਜਿਦ੍ਹੇ 'ਚੋਂ ਆ ਰਿਹਾ ।

ਹੇ ਮਨਾ !
ਕੁਝ ਸ਼ਰਮ ਕਰ, ਕੁਝ ਸ਼ਰਮ ਕਰ
ਤੂੰ ਤਾਂ ਉੱਕਾ ਹੀ
ਸ਼ਰਮ ਹੈ ਲਾਹ ਮਾਰੀ
ਹੋਣ ਦੇ ਜੇ ਸੁੰਨ ਹੋ ਜਾਏ ਜਿਸਮ ਤੇਰਾ
ਹੋਣ ਦੇ ਜੇ ਸੁੰਨ ਹੋ ਜਾਏ ਉਮਰ ਸਾਰੀ
ਤੂੰ ਤਾਂ ਧੁਰ ਤੋਂ ਗ਼ਮ ਦੀ ਇਕ ਸੰਗਰਾਂਦ ਹੈਂ
ਕਰ ਨਾ ਐਵੇਂ
ਮੂਰਖਾ ਤੂੰ ਨਜ਼ਰ ਮਾੜੀ ।
ਲੱਭ ਹਮਦਰਦੀ 'ਚੋਂ ਨਾ
ਕੋਈ ਚਿੰਗਾੜੀ
ਵੇਖ, ਤੇਰੇ ਤੋਂ ਵੀ ਵਧ ਕੇ ਸਰਦ ਹੈ
ਫਿਰ ਵੀ ਕਿੰਨੀ ਹੁਸੀਂ
ਬਸਤੀ ਪਹਾੜੀ ।

ਯੱਖ-ਠੰਡੀ ਰਾਤ ਦੇ ਅੰਤਮ ਸਮੇਂ
ਮੇਰੇ ਲਾਗੇ
ਮੇਰੀ ਹਮਦਰਦਣ ਦੇ ਵਾਂਗ
ਸੌਂ ਰਹੀ ਹੈ ਚਾਨਣੀ ਦੀ ਝੁੰਭ ਮਾਰੀ
ਪੋਹ ਮਹੀਨਾ, ਸਰਦ ਇਹ
ਬਸਤੀ ਪਹਾੜੀ ।

ਬਹੂ-ਰੂਪੀਏ

ਸ਼ਾਮ
ਇਹ ਅੱਜ ਦੀ ਸ਼ਾਮ
ਮੇਰੇ ਘਰ ਵਿਚ ਪਈ ਘੁੰਮਦੀ ਹੈ
ਚੁੱਪ ਚੁੱਪ ਤੇ ਵੀਰਾਨ
ਕਿਸੇ ਨਿਪੱਤਰੇ ਰੁੱਖ ਦੇ ਉੱਤੇ
ਇੱਲ ਦੇ ਆਲ੍ਹਣੇ ਵਾਂਗ
ਗੁੰਮ-ਸੁੰਮ ਤੇ ਸੁੰਨਸਾਨ
ਸ਼ਾਮ-ਇਹ ਅੱਜ ਦੀ ਸ਼ਾਮ

ਐਸੀ ਬੇ-ਹਿਸ ਸ਼ਾਮ ਨੂੰ ਆਖ਼ਿਰ
ਮੈਂ ਘਰ ਬਹਿ ਕੇ ਕੀਹ ਲੈਣਾ ਸੀ
ਇਹ ਕਮਬਖ਼ਤ ਸਵੇਰੇ ਆਉਂਦੀ
ਜੇ ਕਰ ਇਸ ਨੇ ਵੀ ਆਉਣਾ ਸੀ
ਇਹਦੇ ਨਾਲੋਂ ਤਾਂ ਚੰਗਾ ਸੀ
ਕਾਹਵਾ-ਖਾਨੇ ਦੀ ਬੁੱਕਲ ਵਿਚ
ਕਾਫ਼ੀ ਦੇ ਦੋ ਘੁੱਟ ਨਿਗਲ ਕੇ
ਸਿਗਰਟ ਧੁਖਾ ਕੇ ਬਹਿ ਰਹਿਣਾ ਸੀ
ਸਰਮਿਡ-ਮੱਛੀ ਜਹੀਆਂ ਕੁੜੀਆਂ
ਵੇਖਣ ਮਾਤਰ ਸੜਕਾਂ ਉੱਤੇ
ਯਾਰਾਂ ਦੇ ਸੰਗ ਭੌਂ ਲੈਣਾ ਸੀ
ਥੱਕ ਟੁੱਟ ਕੇ ਸੌਂ ਰਹਿਣਾ ਸੀ
ਘਰ ਬਹਿ ਕੇ ਮੈਂ ਕੀਹ ਲੈਣਾ ਸੀ
ਘਰ ਬਹਿ ਕੇ ਮੈਂ ਕੀਹ ਲੈਣਾ ਸੀ ?

ਸਮਾਂ ਵੀ ਕਿੰਨੀ ਚੰਦਰੀ ਸ਼ੈ ਹੈ
ਕਿਸੇ ਪੁਰਾਣੇ ਅਮਲੀ ਵਾਕਣ
ਦਿਨ ਭਰ ਪੀ ਕੇ ਡੋਡੇ ਸੌਹਰਾ
ਗਲੀਆਂ ਤੇ ਬਾਜ਼ਾਰਾਂ ਦੇ ਵਿਚ

ਆਪਣੀ ਝੋਕ 'ਚ ਟੁਰਿਆ ਰਹਿੰਦੈ ।
ਨਾ ਕੁਝ ਸੁਣਦੈ ਨਾ ਕੁਝ ਕਹਿੰਦੈ ।
ਨਾ ਕਿਤੇ ਖੜ੍ਹਦੈ, ਨਾ ਕਿਤੇ ਬਹਿੰਦੈ ।
ਇਸ ਬਦਬੂ ਦੇ ਜਾਣ 'ਚ ਹਾਲੇ
ਯੁੱਗਾਂ ਜੇਡਾ ਇਕ ਪਲ ਰਹਿੰਦੈ ।

ਕਾਲੀਆਂ ਕਾਲੀਆਂ ਜੀਭਾਂ ਜੇਹੀਆਂ
ਮੇਰੀ ਹੱਥ-ਘੜੀ ਦੀਆਂ ਸੂਈਆਂ
ਮੇਰੀ ਹਿੱਕ ਵਿਚ ਲੰਮੇ ਲੰਮੇ
ਕੰਡਿਆਂ ਵਾਕਣ ਪੁੜੀਆਂ ਹੋਈਆਂ
ਹਫ਼ੀਆਂ ਹਫ਼ੀਆਂ ਭੱਜ ਭੱਜ ਮੋਈਆਂ
ਦਿਨ ਭਰ ਸਮੇਂ ਦੇ ਖੂਹੇ ਉੱਤੇ
ਬੈਲਾਂ ਵਾਕਣ ਜੋਈਆਂ ਹੋਈਆਂ
ਗ਼ਮ ਦੇ ਪਾਣੀ ਸੰਗ ਸਿੰਜਣ ਲਈ
ਮੇਰੇ ਦਿਲ ਦੀਆਂ ਬੰਜਰ ਰੋਹੀਆਂ
ਅੱਜ ਦੀਆਂ ਸ਼ਾਮਾਂ ਐਵੇਂ ਗਈਆਂ ।

ਰੱਬ ਕਰੇ ਬਦਬੂ ਦੀ ਢੇਰੀ
ਛੇਤੀ ਜਾਵੇ, ਛੇਤੀ ਜਾਵੇ
ਜਾਂ ਰੱਬ ਕਰ ਕੇ ਬਹੁ-ਰੂਪਣੀ
ਚੋਰਾਂ ਦੇ ਸੰਗ ਉੱਧਲ ਜਾਵੇ
ਜਾਂ ਕੋਈ ਐਸਾ ਮੰਤਰ ਚੱਲੇ
ਇਹ ਕਮਬਖ਼ਤ ਭਸਮ ਹੋ ਜਾਵੇ
ਇਸ ਮਨਹੂਸ ਨੇ ਖ਼ੌਰੇ ਕਦ ਤਕ
ਮੇਰਾ ਜ਼ਿਹਨ ਹੈ ਚੱਟਦੇ ਰਹਿਣਾ
ਮੈਂ ਤਾਂ ਹੋਰ ਕਿਸੇ ਸੰਗ ਰਾਤ
ਨੱਚਣ ਬਾਲ-ਰੂਮ ਹੈ ਜਾਣਾ ।

ਬੇਹਾ ਖ਼ੂਨ

ਖ਼ੂਨ ।

ਬੇਹਾ ਖ਼ੂਨ ।

ਮੈਂ ਹਾਂ, ਬੇਹਾ ਖ਼ੂਨ ।

ਨਿੱਕੀ ਉਮਰੇ ਭੋਗ ਲਈ

ਅਸਾਂ ਸੈ ਚੁੰਮਣਾਂ ਦੀ ਜੂਨ ।

ਪਹਿਲਾ ਚੁੰਮਣ ਬਾਲ-ਵਰੇਸੇ

ਟੁਰ ਸਾਡੇ ਦਰ ਆਇਆ

ਉਹ ਚੁੰਮਣ ਮਿੱਟੀ ਦੀ ਬਾਜ਼ੀ

ਦੋ ਪਲ ਖੇਡ ਗਵਾਇਆ

ਦੂਜਾ ਚੁੰਮਣ ਜੋ ਸਾਨੂੰ ਜੁੜਿਆ

ਉਹ ਸਾਡੇ ਮੇਚ ਨਾ ਆਇਆ

ਉਸ ਮਗਰੋਂ ਸੈ ਚੁੰਮਣ ਜੁੜਿਆ

ਪਰ ਹੋਠੀਂ ਨਾ ਲਾਇਆ

ਮੁੜ ਨਾ ਪਾਪ ਕਮਾਇਆ ।

ਪਰ ਇਹ ਕੇਹਾ ਅੱਜ ਦਾ ਚੁੰਮਣ

ਗਲ ਸਾਡੇ ਲੱਗ ਰੋਇਆ

ਹੋਠਾਂ ਦੀ ਦਹਿਲੀਜ਼ ਸਿਉਂਕੀ

ਤੇ ਚਾਨਣ ਜਿਸ ਚੋਇਆ

ਇਹ ਚੁੰਮਣ ਸਾਡਾ ਸੱਜਣ ਦਿਸਦਾ

ਇਹ ਸਾਡਾ ਮਹਿਰਮ ਹੋਇਆ

ਡੂੰਘੀ ਢਾਬ ਹਿਜਰ ਦੀ ਸਾਡੀ

ਡੁੱਬ ਮੋਇਆ, ਡੁੱਬ ਮੋਇਆ

ਸਾਡਾ ਤਨ-ਮਨ ਹਰਿਆ ਹੋਇਆ ।

ਪਰ ਇਹ ਕਿਹਾ ਕੁ ਦਿਲ-ਪਰਚਾਵਾ

ਪਰ ਇਹ ਕਿਹਾ ਸਕੂਨ ?

ਮੈਂ ਹਾਂ, ਬੇਹਾ-ਖ਼ੂਨ ।

ਖ਼ੂਨ ।

ਬੇਹਾ ਖ਼ੂਨ ।
ਬਾਸ਼ੇ ਨੂੰ ਇਕ ਤਿਤਲੀ ਕਹਿਣਾ
ਇਹ ਹੈ ਨਿਰਾ ਜਨੂਨ
ਬਾਲ-ਵਰੇਸੇ ਜਿਹੜਾ ਮਰਿਆ
ਉਸ ਚੁੰਮਣ ਦੀ ਊਣ
ਮਰ-ਮੁੱਕ ਕੇ ਵੀ ਕਰ ਨਾ ਸਕਦਾ
ਪੂਰੀ ਬੇਹਾ-ਖ਼ੂਨ
ਭਾਵੇਂ ਇਹ ਬ੍ਰਹਿਮੰਡ ਵੀ ਫੋਲੇ
ਜਾਂ ਫਿਰ ਅਰੂਨ ਵਰੂਨ
ਇਹ ਵੀ ਇਕ ਜਨੂਨ
ਮੈਂ ਹਾਲੇ ਤਾਜ਼ੇ ਦਾ ਤਾਜ਼ਾ
ਸਮਝੇ ਮੇਰਾ ਖ਼ੂਨ
ਨਿੱਕੀ ਉਮਰੇ ਮਾਣ ਲਈ
ਜਿਸ ਸੈ ਚੁੰਮਣਾਂ ਦੀ ਜੂਨ ।

ਖ਼ੂਨ ।
ਬੇਹਾ-ਖ਼ੂਨ ।
ਮੈਂ ਹਾਂ ਬੇਹਾ-ਖ਼ੂਨ ।

ਮੀਲ ਪੱਥਰ

ਮੈਂ ਮੀਲ ਪੱਥਰ, ਹਾਂ ਮੀਲ ਪੱਥਰ
ਮੇਰੇ ਮੱਥੇ 'ਤੇ ਹੈਨ ਪੱਕੇ
ਇਹ ਕਾਲੇ ਬਿਰਹੋਂ ਦੇ ਚਾਰ ਅੱਖਰ
ਮੇਰਾ ਜੀਵਨ ਕੁਝ ਇਸ ਤਰ੍ਹਾਂ ਹੈ
ਜਿਸ ਤਰ੍ਹਾਂ ਕਿ ਕਿਸੇ ਗਰਾਂ ਵਿਚ
ਥੋਹਰਾਂ ਮੱਲੇ ਉਜਾੜ ਦੈਰੇ 'ਚ
ਰਹਿੰਦਾ ਹੋਵੇ ਮਲੰਗ ਫੱਕਰ
ਤੇ ਜੂਠੇ ਟੁੱਕਾਂ ਦੀ ਆਸ ਲੈ ਕੇ

ਦਿਨ ਢਲੇ ਜੋ ਗਰਾਂ 'ਚ ਆਵੇ
ਤੇ ਬਿਨ ਬੁਲਾਇਆਂ ਹੀ ਪਰਤ ਜਾਵੇ
'ਔ-ਲੱਖ' ਕਹਿ ਤੇ ਮਾਰ ਚੱਕਰ
ਮੈਂ ਮੀਲ ਪੱਥਰ, ਹਾਂ ਮੀਲ ਪੱਥਰ ।
ਮੈਂ ਜ਼ਿੰਦਗਾਨੀ ਦੇ ਕਾਲੇ ਰਾਹ ਦੇ
ਐਸੇ ਬੇ-ਹਿੱਸ ਪੜਾਅ 'ਤੇ ਖੜ੍ਹਿਆਂ
ਜਿਤੇ ਖ਼ਾਬਾਂ ਦੇ ਨੀਲੇ ਰੁੱਖਾਂ 'ਚੋਂ
ਪੌਣ ਪੀਲੀ ਜਿਹੀ ਵਗ ਰਹੀ ਏ
ਅੱਗ ਸਿਵਿਆਂ ਦੀ ਮਘ ਰਹੀ ਏ
ਕਦੇ ਕਦੇ ਕੋਈ ਗ਼ਮਾਂ ਦਾ ਪੰਛੀ
ਪਰਾਂ ਨੂੰ ਆਪਣੇ ਹੈ ਫੜਫੜਾਂਦਾ
ਤੇ ਉਮਰ ਮੇਰੀ ਦੇ ਪੀਲੇ ਅਰਸ਼ੋਂ
ਕੋਈ ਸਿਤਾਰਾ ਹੈ ਟੁੱਟ ਜਾਂਦਾ
ਤੇ ਚਾਂਦੀ-ਵੰਨਾ ਖ਼ਾਬ ਮੇਰਾ
ਸਮੇਂ ਦਾ ਹਰੀਅਲ ਹੈ ਟੁੱਕ ਜਾਂਦਾ
ਵਿੰਹਦੇ ਵਿੰਹਦੇ ਹੀ ਨੀਲੇ ਖ਼ਾਬਾਂ ਦਾ
ਸਾਰਾ ਜੰਗਲ ਹੈ ਸੁੱਕ ਜਾਂਦਾ ।
ਫੇਰ ਦਿਲ ਦੀ ਮਾਯੂਸ ਵਾਦੀ 'ਚ
ਤਲਖ਼ ਘੜੀਆਂ ਦੇ ਜ਼ਰਦ ਪੱਤਰ
ਉੱਚੀ ਉੱਚੀ ਪੁਕਾਰਦੇ ਨੇ
ਮੈਂ ਮੀਲ-ਪੱਥਰ, ਹਾਂ ਮੀਲ-ਪੱਥਰ
ਉਹ ਝੂਠ ਥੋੜਾ ਹੀ ਮਾਰਦੇ ਨੇ
ਉਹ ਠੀਕ ਹੀ ਤਾਂ ਪੁਕਾਰਦੇ ਨੇ
ਮੈਂ ਮੀਲ-ਪੱਥਰ, ਹਾਂ ਮੀਲ-ਪੱਥਰ ।

ਮੇਰੇ ਪੈਰਾਂ ਦੇ ਨਾਲ ਖਹਿੰਦੀ
ਇਕ ਸੜਕ ਜਾਂਦੀ ਹੈ ਉਸ ਸ਼ਹਿਰ ਨੂੰ
ਸ਼ਹਿਰ ਜਿਸ ਦੇ ਹੁਸੀਨ ਮਹਿਲਾਂ 'ਚ
ਇਸ਼ਕ ਮੇਰਾ ਗਵਾਚਿਆ ਹੈ
ਸ਼ਹਿਰ ਜਿਸ ਨੂੰ ਕਿ ਆਸ਼ਕਾਂ ਨੇ

ਸ਼ਹਿਰ ਪਰੀਆਂ ਦਾ ਆਖਿਆ ਹੈ ।

ਸ਼ਹਿਰ ਜਿਸ ਦੀ ਕਿ ਹਰ ਗਲੀ
ਹਾਏ, ਗੀਤ ਵਰਗੀ ਨੁਹਾਰ ਦੀ ਹੈ
ਸ਼ਹਿਰ ਜਿਸ ਦੇ ਹੁਸੀਨ ਪੱਟਾਂ 'ਚ
ਰਾਤ ਸ਼ਬਨਮ ਗੁਜ਼ਾਰਦੀ ਹੈ
ਤੇ ਹੋਰ ਦੂਜੀ ਕੋਈ ਸੜਕ ਜਾਂਦੀ ਹੈ
ਮੇਰੇ ਪੈਰਾਂ 'ਚੋਂ ਉਸ ਸ਼ਹਿਰ ਨੂੰ
ਸ਼ਹਿਰ ਜਿਸ ਦੀ ਕਿ ਪਾਕ ਮਿੱਟੀ ਦਾ
ਖ਼ੂਨ ਪੀ ਕੇ ਮੈਂ ਜਨਮ ਲੀਤੈ
ਸ਼ਹਿਰ ਜਿਦ੍ਹੀਆਂ ਕਿ ਦੁਧਨੀਆਂ 'ਚੋਂ
ਮਾਸੂਮੀਅਤ ਦਾ ਦੁੱਧ ਪੀਤੈ
ਸ਼ਹਿਰ ਜਿਸ ਦੇ ਬੇਰੰਗ ਚਿਹਰੇ 'ਤੇ
ਛੁਰੜੀਆਂ ਦੇ ਨੇ ਝਾੜ ਫੈਲੇ
ਸ਼ਹਿਰ ਜਿਸ ਦੇ ਕਿ ਸੀਨੇ ਅੰਦਰ ਨੇ
ਗੁਰਬਤਾਂ ਦੇ ਪਹਾੜ ਫੈਲੇ
ਸ਼ਹਿਰ ਜਿਸ ਦੇ ਹੁਸੀਨ ਨੈਣਾਂ ਦੇ
ਦੋਵੇਂ ਦੀਵੇ ਹੀ ਹਿੱਸ ਚੁੱਕੇ ਨੇ
ਸ਼ਹਿਰ ਜਿਸ ਦੇ ਜਨਾਜ਼ਿਆਂ ਲਈ
ਖ਼ਰੀਦੇ ਕਫ਼ਨ ਵੀ ਵਿਕ ਚੁੱਕੇ ਨੇ ।

ਤੇ ਹੋਰ ਤੀਜੀ ਕੋਈ ਸੜਕ ਜਾਂਦੀ ਹੈ
ਮੇਰੇ ਪੈਰਾਂ 'ਚੋਂ ਉਸ ਸ਼ਹਿਰ ਨੂੰ
ਸ਼ਹਿਰ ਜਿਦ੍ਹੀਆਂ ਮੁਲੈਮ ਸੜਕਾਂ 'ਤੇ
ਜਾ ਕੇ ਕੋਈ ਕਦੇ ਨਹੀਂ ਮੁੜਦਾ
ਇਹ ਸਮਝ ਲੀਤਾ ਜਾਂਦਾ ਹੈ ਮੁਰਦਾ ।

ਤੇ ਹੋਰ ਚੌਥੀ ਕੋਈ ਸੜਕ ਜਾਂਦੀ ਹੈ
ਮੇਰੇ ਪੈਰਾਂ 'ਚੋਂ ਉਸ ਸ਼ਹਿਰ ਨੂੰ
ਸ਼ਹਿਰ ਜਿਸ ਦੇ ਕਾਲੇ ਬਾਗ਼ਾਂ 'ਚ

ਸਿਰਫ਼ ਆਸਾਂ ਦੀ ਪੌਣ ਜਾਵੇ
ਕਦੇ ਕਦੇ ਹਾਂ ਓਸ ਜੂਹ 'ਚੋਂ
ਕੁਝ ਇਸ ਤਰ੍ਹਾਂ ਦੀ ਆਵਾਜ਼ ਆਵੇ
ਓ ਮੀਲ ਪੱਥਰ ! ਓ ਮੀਲ ਪੱਥਰ !
ਆਬਾਦ ਕਰਨੇ ਨੇ ਤੂੰ ਹੀ ਰੱਕੜ
ਤੂੰ ਹੀ ਧਰਤੀ ਦਾ ਕੋਝ ਵਰਨੈਂ
ਤੂੰ ਹੀ ਕਰਨੀ ਫ਼ਜ਼ਾ ਮੁਅੱਤਰ
ਤੂੰ ਹੀ ਸੇਜਾਂ ਨੂੰ ਮਾਨਣਾ
ਸੌਂ ਕੇ ਪਹਿਲਾਂ ਤੂੰ ਵੇਖ ਸੱਥਰ ।
ਪਰ ਮੈਂ ਛੇਤੀ ਹੀ ਸਮਝ ਜਾਂਦਾ
ਇਹ ਮੇਰੇ ਖ਼ਾਬਾਂ ਦਾ ਸ਼ੋਰ ਹੀ ਹੈ
ਜੋ ਲਾ ਰਿਹਾ ਹੈ ਜ਼ਿਹਨ 'ਚ ਚੱਕਰ
ਮੈਂ ਸਮਝਦਾ ਹਾਂ, ਮੈਂ ਸਮਝਦਾ ਹਾਂ
ਮੈਂ ਮੀਲ-ਪੱਥਰ, ਹਾਂ ਮੀਲ-ਪੱਥਰ ।

ਮੇਰੇ ਮੱਥੇ ਤੋਂ ਆਉਣ ਵਾਲੇ
ਇਹ ਲੋਕ ਪੜ੍ਹ ਕੇ ਕਿਹਾ ਕਰਨਗੇ
ਇਹ ਉਹ ਵਿਚਾਰੀ ਬਦਬਖ਼ਤ ਰੂਹ ਹੈ
ਕਿ ਜਿਹੜੀ ਹਿਰਨਾਂ ਦੇ ਸਿੰਙਾਂ ਉੱਤੇ
ਉਦਾਸ ਲਮ੍ਹਿਆਂ ਨੂੰ ਫੜਣ ਖ਼ਾਤਿਰ
ਉਮਰ ਸਾਰੀ ਚੜ੍ਹ ਰਹੀ ਏ ।
ਇਹ ਉਹ ਹੈ ਜਿਸ ਨੂੰ
ਕਿ ਹੱਠ ਦੇ ਫੁੱਲਾਂ ਦੀ
ਮਹਿਕ ਪਿਆਰੀ ਬੜੀ ਰਹੀ ਏ
ਇਹ ਉਹ ਹੈ ਜਿਸ ਨੂੰ ਕਿ ਨਿੱਕੀ ਉਮਰੇ
ਉਡਾ ਕੇ ਲੈ ਗਏ ਗ਼ਮਾਂ ਦੇ ਝੱਖੜ
ਵਫ਼ਾ ਦੇ ਸੂਹੇ ਦੁਮੇਲ ਉੱਤੇ
ਇਹ ਮੀਲ-ਪੱਥਰ, ਹਾਂ ਮੀਲ-ਪੱਥਰ ।

ਉਹ ਠੀਕ ਹੀ ਤਾਂ ਕਿਹਾ ਕਰਨਗੇ

ਮੈਂ ਮੀਲ-ਪੱਥਰ, ਹਾਂ ਮੀਲ-ਪੱਥਰ ।
ਮੈਂ ਲੋਚਦਾ ਹਾਂ ਕਿ ਇਸ ਚੁਰਾਹੇ ਤੋਂ
ਮੈਨੂੰ ਕੋਈ ਉਜਾੜ ਦੇਵੇ
ਤੇ ਮੇਰੇ ਮੱਥੇ ਦੇ ਕਾਲੇ ਅੱਖ਼ਰਾਂ 'ਤੇ
ਕੋਟ ਚੂਨੇ ਦਾ ਚਾੜ੍ਹ ਦੇਵੇ
ਜਾਂ ਅੱਗ ਫ਼ੁਰਕਤ ਦੀ ਦਿਨੇਂ ਦੀਵੀਂ
ਵਿਚ ਚੁਰਾਹੇ ਦੇ ਸਾੜ ਦੇਵੇ
ਮੈਂ ਸੋਚਦਾ ਹਾਂ ਜੇ ਪਿਘਲ ਜਾਵਣ
ਇਹ ਬਦਨਸੀਬੀ ਦੇ ਕਾਲੇ ਕੱਕਰ
ਮੈਂ ਸੋਚਦਾ ਹਾਂ ਜੇ ਬਦਲ ਜਾਵਣ
ਮੇਰੀ ਕਿਸਮਤ ਦੇ ਸਭ ਨਛੱਤਰ
ਮੈਂ ਮਨੁੱਖਤਾ ਦੇ ਨਾਮ ਸੁੱਖਾਂਗਾ
ਆਪਣੇ ਗੀਤਾਂ ਦੇ ਸੋਨ-ਛੱਤਰ
ਮੈਂ ਮੀਲ-ਪੱਥਰ, ਹਾਂ ਮੀਲ-ਪੱਥਰ
ਮੇਰੇ ਮੱਥੇ 'ਤੇ ਹੈਨ ਪੱਕੇ
ਇਹ ਕਾਲੇ ਬਿਰਹੋਂ ਦੇ ਚਾਰ ਅੱਖਰ
ਮੈਂ ਮੀਲ-ਪੱਥਰ, ਹਾਂ ਮੀਲ-ਪੱਥਰ ।